# ਸੂਰਾ

ਅੰਮ੍ਰਿਤਸਰ

ਬਾਜ਼ ਜੀ ਦੇ ਅਨੋਖੇ ਦ੍ਰਿਸ਼

ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ

ਮੈ ਰੋਵੰਦੀ ਸਭੁ ਜਗੁ ਰੁੰਨਾ
ਰੁੰਨੜੇ ਵਣਹੁ ਪੰਖੇਰੂ ॥



ਸਤੰਬਰ ੧੯੮੪

SEP 1984

www.AKJ.Org

ਡੀ. ਪੀ: ਆਈ. ਪੰਜਾਬ ਵਲੋਂ ਚਿਠੀ ਨੰ: ੧-੭੦-੬੯-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਡਗਮਗ ਛਾਡਿ ਰੇ ਮਨ ਬਉਰਾ | ੩ | ਗਉੜੀ ਕਬੀਰ ਜੀ |
| ਸ੍ਰੀ ਦਸਮੇਸ਼ ਜੀ ਦਾ ਆਦਰਸ਼ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਕਲਿਜੁਗੁ ਉਧਾਰਿਆ ਗੁਰਦੇਵ | ੭ | ,, ,, ,, |
| ਮੀਰੀ ਪੀਰੀ | ੮ | ਪ੍ਰਿੰਸੀਪਲ ਗੁਰਮੁਖ ਸਿੰਘ ਜੀ |
| ਅਕਾਲੀ ਕੌਰ ਸਿੰਘ ਜੀ ਵਲੋਂ ਗੁਰੂ-ਡੰਮ ਵਿਰੁਧ ਮੁਹਿੰਮ | ੨੦ | ਸ: ਅਤਰ ਸਿੰਘ ਜੀ |
| ਜੀਵਨ ਝਲਕੀਆਂ ਡਾ: ਸੁਰਿੰਦਰ ਸਿੰਘ ਜੀ (੧੧) | ੨੪ | — — — |
| ਧਰਮ ਤੇ ਸਿਆਸਤ ਦਾ ਸੰਬੰਧ | ੨੭ | ਸ. ਰਵੇਲ ਸਿੰਘ ਜੀ |
| ਸੰਪਾਦਕੀ ਨੋਟ | ੨੯ | — — — |
| ਬਾਜਾਂ ਵਾਲੇ ਦੇ ਬਾਜਾਂ ਦੇ ਅਲੌਕਿਕ ਕ੍ਰਿਸ਼ਮੇ | ੩੧ | ਅਖਬਾਰਾਂ ਦੇ ਅਧਾਰ ਤੇ |
| ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ' (੧) | ੩੫ | ਕੈਪਟਨ ਸਵਰਨ ਸਿੰਘ ਜੀ |
| ਪੰਥਕ ਸਮਾਚਾਰ | ੩੭ | ਅਖ਼ਬਾਰਾਂ ਦੇ ਅਧਾਰ ਤੇ |
| ਵਿਸ਼ਵ ਸਿਖ ਸੰਮੇਲਨ ਦਾ ਸੱਦਾ | ੪੦ | ਖਾਲਸਾ ਸਮਾਚਾਰ |


| | | | |
|---|---|---|---|
| ਸ੍ਰੀ ਗੁਰੂ ਰਾਮਦਾਸ ਜੀ ਗੁਰਿਆਈ ਮਿਲੀ | ੮ ਸਤੰਬਰ | ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ | ੧੦ ਸਤੰਬਰ |
| ਸ੍ਰੀ ਗੁਰੂ ਅੰਗਦ ਸਾਹਿਬ ਗੁਰਿਆਈ ਮਿਲੀ | ੧੫ ਸਤੰਬਰ | ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ | ੨੦ ਸਤੰਬਰ |

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਗੁਰਬਖਸ਼ ਸਿੰਘ ਪਾਰੋਵਾਲ | ਸਪੁਤਰ ਭਾ: ਅਵਤਾਰ ਸਿੰਘ ਸ਼ਹੀਦ ਦੀ ਯਾਦ ਵਿਚ | ੧੦੦-੦੦ |
| ਸ: ਮਨੋਹਰ ਸਿੰਘ ਭੋਗਲ ਨਵਾਂ ਸ਼ਹਿਰ | ਸੁਪਤਨੀ ਬੀਬੀ ਇੰਦਰ ਕੌਰ ਦੀ ਬਰਸੀ ਤੇ | ੨੦-੦੦ |
| ਸ: ਟਹਿਲ ਸਿੰਘ ਚੌਧਰੀ ਅਲਾਹਾਬਾਦ | ਸੂਰਾ ਦੀ ਚੜ੍ਹਦੀ ਕਲਾ ਲਈ | ੩੧-੦੦ |
| ਇਕ ਗੁਪਤ ਪ੍ਰੇਮੀ ਜੀ | ਸੂਰਾ ਦੀ ਚੜ੍ਹਦੀ ਕਲਾ ਲਈ | ੨੫-੦੦ |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੪.੯.੮੪ ਨੂੰ ਪ੍ਰਕਾਸ਼ਤ ਕੀਤਾ।

**ਟੈਲੀਫ਼ੋਨ ਨੰਬਰ :** 51847 **ਘਰ** 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ — ਸ੍ਰੀ ਅੰਮ੍ਰਿਤਸਰ — ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੫੦

**ਪਰਦੇਸ**

ਸਮੁੰਦਰੀ ਡਾਕ ੩੫-੦੦

**ਹਵਾਈ ਡਾਕ**

ਅਰਬ ਮਲਾਇਆ ੫੫-੦੦
ਯੂ. ਕੇ., ਅਫਰੀਕਾ ੭[illegible]-੦੦
ਕੈਨੇਡਾ, ਅਮਰੀਕਾ ੯੦-੦੦

**ਅਮਾਨਤੀ**
**ਲਾਈਫ਼ ਮੈਂਬਰ**

ਦੇਸ ੧੫੦-੦੦
ਪਰਦੇਸ ੩੫੦-੦੦

**ਹਵਾਈ ਡਾਕ**

ਯੂ. ਕੇ. ਅਫਰੀਕਾ ੬੫੦-੦੦
ਕੈਨੇਡਾ, ਅਮਰੀਕਾ ੯੦੦-੦੦
ਅਰਬ ਮਲਾਇਆ ੫੫੦-੦੦

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੯ ਸਤੰਬਰ ੧੯੯੪ ਅੰਕ ੯


## ਡਗਮਗ ਛਾਡਿ ਰੇ ਮਨ ਬਉਰਾ

ਮਨ ਰੇ ਛਾਡਹੁ ਭਰਮੁ, ਪ੍ਰਗਟ ਹੋਇ ਨਾਚਹੁ, ਇਆ ਮਾਇਆ ਕੇ ਡਾਂਡੇ ॥
ਸੂਰੁ ਕਿ ਸਨਮੁਖ ਰਨ ਤੇ ਡਰਪੈ, ਸਤੀ ਕਿ ਸਾਂਚੈ ਭਾਂਡੇ ॥੧॥
ਡਗਮਗ ਛਾਡਿ ਰੇ ਮਨ ਬਉਰਾ ॥
ਅਬ ਤਉ ਜਰੇ ਮਰੇ ਸਿਧਿ ਪਾਈਐ, ਲੀਨੋ ਹਾਥਿ ਸੰਧਉਰਾ* ॥੧॥ਰਹਾਉ॥
ਕਾਮ ਕ੍ਰੋਧ ਮਾਇਆ ਕੇ ਲੀਨੇ, ਇਆ ਬਿਧਿ ਜਗਤੁ ਬਿਗੂਤਾ† ॥
ਕਹਿ ਕਬੀਰ ਰਾਜਾ ਰਾਮ ਨ ਛੋਡਉ ਸਗਲ ਊਚ ਤੇ ਊਚਾ ॥

੨॥੧੭॥੬੮॥ ਗਉੜੀ ਕਬੀਰ ਜੀ, ਪੰਨਾ ੩੩੮

* ਸੰਧਉਰਾ = ਸੰਧੂਰਿਆ ਨਾਰੀਅਲ । ਸਤੀ ਹੋਣ ਵਾਲੀ ਇਸਤ੍ਰੀ ਨੂੰ ਇਹ ਨਾਰੀਅਲ ਫੜਨ ਪਿਛੋਂ ਜ਼ਰੂਰ ਸਤੀ ਹੋਣਾ ਪੈਂਦਾ ਸੀ । † ਬਿਗੂਤਾ = ਖ਼ਰਾਬ ਹੋ ਰਿਹਾ ਹੈ ।




www.AKJ.Org

# ਸ੍ਰੀ ਦਸਮੇਸ਼ ਜੀ ਦਾ ਆਦਰਸ਼

## ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰ ਪਲਟੀਐ

]ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਆਮ ਲੋਕਾਂ ਦਾ ਖ਼ਿਆਲ ਹੈ ਅਤੇ ਬਹੁਤ ਸਾਰੇ ਨਵੀਨ ਰਵਸ਼ ਦੇ ਸਿੱਖਾਂ ਨੂੰ ਭੀ ਇਹ ਭੁਲੇਖਾ ਲੱਗਿਆ ਹੋਇਆ ਹੈ ਕਿ ਸ੍ਰੀ ਦਸਮੇਸ਼ ਜੀ ਸਾਹਿਬ ਦਾ ਆਦਰਸ਼ ਦੂਜੇ ਗੁਰੂ ਸਾਹਿਬਾਨ ਦੇ ਆਦਰਸ਼ ਨਾਲੋਂ ਅੱਡਰਾ ਹੈ। ਬਹੁਤ ਸਾਰੇ ਲੋਕ ਕਈ ਵਾਰੀ ਇਹ ਭੀ ਕਹਿ ਦਿਆ ਕਰਦੇ ਹਨ ਕਿ ਸ੍ਰੀ ਗੁਰੂ ਛੇਵੀਂ ਪਾਤਸ਼ਾਹੀ ਅਤੇ ਗੁਰੂ ਦਸਮੇਸ਼ ਸਾਹਿਬ ਜੀ ਦਾ ਆਦਰਸ਼ ਤਾਂ ਇੱਕੋ ਹੀ ਹੈ ਅਤੇ ਬਾਕੀ ਅੱਠੇ ਸਤਿਗੁਰੂ ਸਾਹਿਬਾਂ ਦਾ ਆਦਰਸ਼ ਇਨ੍ਹਾਂ ਤੋਂ ਭਿੰਨ ਅਤੇ ਵੱਖਰਾ ਹੈ ।

ਅਜਿਹੇ ਸੱਜਣਾਂ ਨੂੰ ਇਹ ਧੋਖਾ ਲਗਦਾ ਹੈ। ਅਤੇ ਇਹ ਆਦਰਸ਼-ਮਿਸ਼ਨੀ ਫ਼ਰਕ ਇਸ ਕਰਕੇ ਓਹਨਾਂ ਨੂੰ ਭਾਸਦਾ ਹੈ ਕਿ ਓਹਨਾਂ ਦੇ ਭਾ ਦਾ ਇਹਨਾਂ ਦੋਹਾਂ ਗੁਰੂ ਸਾਹਿਬਾਨਾਂ ਨੇ ਤਾਂ ਤਲਵਾਰ ਚੁੱਕੀ ਅਤੇ ਬਾਕੀ ਅੱਠੇ ਗੁਰੂ ਸਾਹਿਬਾਨ ਸ਼ਾਂਤਮਈ ਰਹੇ।

ਓਹਨਾਂ ਨੂੰ ਇਹ ਪਤਾ ਨਹੀਂ ਕਿ ਆਦਰਸ਼ ਦਾ ਅਸਲੀ ਭਾਵ ਕੀ ਹੈ ? ਸ਼ਾਂਤਮਈ ਰਹਿਣਾ ਅਥਵਾ ਤਲਵਾਰ ਚੁੱਕਣਾ ਵਾਸਤਵੀ ਆਦਰਸ਼ ਨਹੀਂ, ਜਿਸ ਕਾਰਨ ਕਿ ਗੁਰੂ ਸਾਹਿਬਾਨ ਨੇ ਅਵਤਾਰ ਧਾਰਨ ਕੀਤਾ। ਨਿਰੋਲ ਸ਼ਾਂਤਮਈ ਰਹਿਣਾ ਅਥਵਾ ਤਲਵਾਰ ਹੀ ਗਹਿਣਾ (ਪਕੜਨਾ) ਕੋਈ ਉੱਚਾ ਸੁੱਚਾ ਅਤੇ ਸੱਚਾ ਆਦਰਸ਼ ਨਹੀਂ।

ਦਸੋਂ ਗੁਰੂ ਸਾਹਿਬਾਨ ਦਾ ਇੱਕੋ ਸਾਂਝਾ ਆਦਰਸ਼ ਹੈ ਅਤੇ ਇਹ ਆਦਰਸ਼ ਆਨ ਮੱਤ-ਮਤਾਂਤ੍ਰਾਂ ਦੇ ਆਗੂਆਂ ਅਤੇ ਰੀਫ਼ਾਰਮਰਾਂ ਨਾਲੋਂ ਉੱਚਾ ਅਤੇ ਵਿਲੱਖਣ ਆਦਰਸ਼ ਹੈ । ਇਸ ਵਿਲੱਖਣ ਆਦਰਸ਼ ਦੇ ਆਦਰਸ਼ੀ ਗੁਰੂ ਸਾਹਿਬਾਨ, ਦਸੇ ਗੁਰ ਸਾਹਿਬਾਨ ਦੀ ਵਜੂਦ ਵਿਸ਼ਿਸ਼ਤਾ ਹੀ ਆਮ ਸੰਸਾਰੀਆਂ ਨਾਲੋਂ ਵਿਲੱਖਣ ਹੈ । ਇਸ ਵਿਲੱਖਣਤਾ ਦਾ ਸੁਧ ਸਰੂਪ ਲਖਸ਼ ਇਸ ਗੁਰਵਾਕ ਅੰਦਰ ਹੈ :–

**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥੨॥**

(੪॥੭॥੫੪) ਸੂਹੀ ਮਹਲਾ ੫, ਪੰਨਾ ੭੪੯

ਗੁਰੂ ਸਾਹਿਬਾਨ ਦਾ ਆਗਮਨ ਆਮ ਸੰਸਾਰੀਆਂ ਵਤ ਚਉਰਾਸੀ ਭੁਗਤਣ ਲਈ ਨਹੀਂ, ਸਗੋਂ ਚਉਰਾਸੀ ਭੁਗਤਾਣ, ਅਰਥਾਤ ਚਉਰਾਸੀ ਕੱਟਣ ਲਈ ਹੈ। ਜਿੱਥੇ ਗੁਰੂ ਸਾਹਿਬਾਨ ਦਾ ਆਗਮਨ ਵਿਲੱਖਣ ਹੈ, ਉੱਥੇ ਗੁਰੂ ਸਾਹਿਬਾਨ ਦਾ ਆਦਰਸ਼ ਭੀ ਵਿਲੱਖਣ ਹੈ। ਪਰਉਪਕਾਰ ਭੀ ਗੁਰੂ ਸਾਹਿਬਾਨ ਦਾ ਵਿਲੱਖਣ ਹੈ। ਸੋਸ਼ਲ ਰੀਫ਼ਾਰਮਰਾਂ ਵਾਲਾ ਸ਼ੁਸ਼ਕ ਉਪਕਾਰ ਨਹੀਂ । ਦੇਸ਼-ਭਗਤੀ ਵਾਲਾ ਰਾਜ-ਤ੍ਰਿਸ਼ਨਾਲੂ ਉਪਕਾਰ ਨਹੀਂ । ਪ੍ਰਸਿੱਧਤਾ ਵਾਲਾ ਨਿਰਾ ਆਚਾਰ-ਸੁਧਾਰ ਡੀਂਗ-ਮਾਰ ਉਪਕਾਰ ਨਹੀਂ । ਗੁਰੂ ਸਾਹਿਬਾਨ ਦਾ ਪਰਉਪਕਾਰ ਨਿਰਾ ਮੁਕਤਿ-ਨਿਰਬਾਨ-ਜੁਗਤੀ-ਉਪਕਾਰ ਨਹੀਂ, ਗੁਰੂ ਸਾਹਿਬਾਨ ਦਾ ਆਦਰਸ਼ਕ ਉਪਕਾਰ "ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ" ਗੁਰਵਾਕ ਦੇ ਨਾਲ ਲਗਦੀ ਅਗਲੀ ਤੁਕ :–

**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥**

ਅੰਦਰ ਅੰਕ੍ਰਿਤ ਹੈ। ਆਤਮ ਦਾਨ ਦੇ ਕੇ ਪ੍ਰਾਣੀ ਮਾਤ੍ਰ ਨੂੰ ਪ੍ਰਮਾਤਮਾ ਦੀ ਭਗਤੀ ਲਾਇਨਿ ਕਰਕੇ "ਹਰਿ ਸਿਉ ਲੈਨਿ ਮਿਲਾਏ" ਵਾਲੀ ਸਭ ਤੋਂ ਉੱਚੀ ਦਾਤਿ ਬਖ਼ਸ਼ਸ਼ ਵਿਚ ਹੈ। ਇਹ ਗੁਰੂ ਸਾਹਿਬਾਨ ਦਾ ਆਦਰਸ਼ ਵਿਲੱਖਣੀ ਮੇਅਰਾਜ (ਮਰਾਤਬਾ) ਹੈ।

ਇਸੇ ਆਦਰਸ਼ ਦੇ ਪਰਉਪਕਾਰ ਨੂੰ ਲੈ ਕੇ ਸ੍ਰੀ ਗੁਰੂ ਦਸਮੇਸ਼ ਜੀ ਗੁਰੂ ਨਾਨਕ ਜਾਮੇ ਵਿਚ ਅਵਤਰੇ ਅਤੇ ਏਸੇ ਦੀ ਆਦਰਸ਼ ਤਕਮੀਲ (ਪੂਰਤੀ) ਨੂੰ ਤੋੜ ਪੁਜਾਵਣ ਹਿਤ ਗੁਰੂ ਨਾਨਕ ਦਸਮੇਸ਼ ਦਸੋਂ ਗੁਰੂ ਜਾਮਿਆਂ ਵਿਚ ਪਰਗਟ ਹੋਏ। ਏਸੇ "ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ" ਵਾਲੇ ਆਦਰਸ਼ਕ ਉਪਕਾਰ



www.AKJ.Org

ਹਿਤ, ਇਹੋ ਆਦਰਸ਼ਕ ਉਪਕਾਰ-ਮਈ ਸੱਚਾ ਅਤੇ ਅਟੱਲ ਧਰਮ ਵਿਥਾਰਨ ਹਿਤ ਹਰ ਇੱਕ ਗੁਰੂ ਪਾਤਸ਼ਾਹੀ, ਸੱਚੀ ਪਾਤਸ਼ਾਹੀ ਦਾ ਅਵਤਾਰ ਜਗਤ ਵਿਚ ਹੋਇਆ। 'ਸਚੇ ਸੇਤੀ ਰਾਤੇ' ਜੀਅ ਦਾਨ ਬਖਸ਼ਾਤੇ ਸੱਚੇ ਪਾਤਸ਼ਾਹ ਦਸੇ ਗੁਰੂ ਸਾਹਿਬਾਨ ਨੇ ਸੱਚੀ ਪਾਤਸ਼ਾਹੀ ਦਾ ਸੱਚਾ ਅਮਰ ਵਰਤਾਇਆ।

## ਨਾਮ ਦਾ ਦੁਧਾਰਾ ਖੰਡਾ–

ਇਸ ਅਮਰ ਵਰਤਾਉ ਨਮਿੱਤ ਗੁਰੂ ਸਾਹਿਬਾਨ ਨੇ ਨਾਮ ਦਾ ਦੁਧਾਰਾ ਖੰਡਾ ਖੜਕਾਇਆ। ਇਸ ਖੰਡੇ ਦੀ ਇੱਕ ਧਾਰ ਤਾਂ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਰੂਪੀ ਪੰਚਾਂ ਦੂਤਾਂ ਨੂੰ ਮਾਰ ਬਿਦਾਰ ਕੇ, ਕੋਟਿ ਅਸੰਖ ਪਾਪਾਂ ਦੇ ਕੱਟਣ ਲਈ ਸਮਰੱਥ ਹੋਈ ਅਤੇ ਦੂਜੀ ਧਾਰ ਨੇ ਜਗਿਆਸੂਆਂ ਦੇ ਘਟਾਂ ਅੰਦਰ ਆਤਮਕ ਜੋਤਿ ਜਗਾਵਣੀ ਜਾਗ ਲਾਇਆ। ਇਹ ਦੁਧਾਰਾ ਖੰਡਾ ਪੰਜਾਂ ਦੂਤਾਂ ਦੇ ਪੁੰਜ ਪਾਪਿਸ਼ਟ ਪ੍ਰਾਣੀਆਂ ਨੂੰ ਆਪਣੀ ਪਾਰਸ-ਕਲਾ ਦੁਆਰਾ ਸੋਧ ਕੇ ਬਾਰ੍ਹਾਂ-ਵੰਨੀ ਦੇ ਕੰਚਨ ਵਤ ਜਾਗਦੀ ਜੋਤਿ ਵਾਲੇ ਸ਼ੁੱਧ ਪੁੰਨਿ-ਆਤਮ-ਧਰਮੀ-ਜੀਵਨ ਵਿਚ ਪਲਟਾਉਣ ਹਿਤ ਇਕ ਜਾਵਦਾਨੀ ਕੀਮੀਆ (ਸਦੈਵੀ ਰਸਾਇਣ) ਸਾਬਤ ਹੋਇਆ।

ਨਾਮ ਦਾ ਖੰਡਾ ਖੜਕਾ ਕੇ ਗੁਰੂ ਸਾਹਿਬਾਨ ਨੇ ਧਰਮ ਅੰਸ਼ ਨੂੰ ਜਗਾਇਆ ਅਤੇ ਪਾਪ ਅੰਸ਼ ਨੂੰ ਦਮਨ ਕੀਤਾ। ਇਸ਼ ਬਿਧਿ ਇਸ ਪਵਿੱਤਰ ਪਾਰਸ-ਖੰਡੇ ਦੀ ਕਲਾ ਵਰਤਾ ਕੇ ਗੁਰੂ ਸਾਹਿਬਾਨ ਨੇ ਇਸ ਸੰਸਾਰ ਦੇ ਅਨੇਕ ਪ੍ਰਾਣੀਆਂ ਦੀ ਜੀਵਨ-ਮੁਕਤਿ-ਕਲਿਆਣ ਕੀਤੀ ਅਤੇ ਅਨੇਕਾਂ ਦੀ ਮਰਨ-ਮੁਕਤ-ਕਲਿਆਣ ਕੀਤੀ।

## ਜੀਵਨ-ਮੁਕਤ ਤੇ ਮਰਨ-ਮੁਕਤ–

ਜੀਵਨ-ਮੁਕਤ-ਕਲਿਆਣ ਤਿਨ੍ਹਾਂ ਦੀ ਕੀਤੀ, ਜਿਨ੍ਹਾਂ ਨੂੰ ਜੀਉਂਦੇ-ਜੀਅ ਨਾਮ ਦੀ ਜੀਵਨ-ਬੂਟੀ ਦੇ ਕੇ ਅੰਤਰ ਜੋਤਿ-ਜਗੰਨੇ ਅਮਰ ਜੀਵਨ ਵਿੱਚ ਸੁਰਜੀਤ ਕੀਤਾ। ਤਿਨ੍ਹਾਂ ਉੱਤੇ ਤਾਂ ਜੀਉਂਦੇ-ਜੀਅ ਏਸੇ ਜਾਮੇ ਅੰਦਰ ਆਤਮ-ਰੰਗ ਲਾ ਕੇ ਪ੍ਰਮਾਤਮ-ਦਰਸ-ਪ੍ਰਕਾਸ਼ੀ ਨਦਰਾਂ ਮਿਹਰਾਂ ਕੀਤੀਆਂ, ਅਤੇ ਮਰਨ-ਮੁਕਤਿ ਕਲਿਆਣ ਉਨ੍ਹਾਂ ਦੀ ਕੀਤੀ ਜਿਨ੍ਹਾਂ ਨੂੰ :–

ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥ਰਹਾਉ॥ (੪॥੫)

ਮਾਰੂ ਮਹਲਾ ੫, ਪੰਨਾ ੧੦੦੦

ਦੇ ਭਾਵ ਅਨੁਸਾਰ ਚਲਾਣੇ ਸਮੇਂ ਪੂਰਨ ਆਤਮ ਪ੍ਰਕਾਸ਼ ਅਤੇ ਪ੍ਰਮਾਤਮਾ-ਦਰਸ-ਵਿਗਾਸ ਹੋਏ। ਜਿਵੇਂ ਜਿਵੇਂ ਅਤੇ ਜਿਸ ਜਿਸ ਜੀਵਨ ਅਵਸਥਾ ਵਿਖੇ ਨਾਮ ਦੇ ਅਮੋਘ ਬਾਣ ਲੱਗੇ ਤਿਵੇਂ ਤਿਵੇਂ ਅਤੇ ਉੱਥੇ ਉੱਥੇ ਹੀ ਕਲਿਆਣਕਾਰੀ-ਚੋਜ-ਕਲਾ ਵਰਤਾਈ ਗਈ ਸੀ। ਹਾਂ ਜੀ ! ਚੋਜੀ ਸਤਿਗੁਰੂ ਨੇ ਹਰੇਕ ਗੁਰ-ਜਾਮੇ ਵਿਚ ਪ੍ਰੇਮ ਦੇ ਬਾਣ ਵਾਹ ਕੇ ਹੀ ਕਲਿਆਣ ਕੀਤੀ ਹੈ। ਜਿਥੇ ਪਹਿਲੇ ਜਾਮੇ ਵਿੱਚ ਕੌਡੇ ਰਾਖਸ਼ ਜਹੇ ਮਹਾਂ ਬਿਖਾਦੀ ਦੁਸ਼ਟ ਅਪਵਾਦੀ ਦੀ ਦੁਸ਼ਟਤਾ ਦਮਨ ਕਰ ਕੇ, ਨਾਮ ਦਾ ਖੰਡਾ ਖੜਕਾ ਕੇ ਉਸ ਦੀ ਕਲਿਆਣ ਕੀਤੀ ਹੈ ਉਥੇ ਛੇਵੇਂ ਜਾਮੇ ਵਿਚ ਪੈਂਦੇ ਖ਼ਾਂ ਜਹੇ ਹੈਂਕੜਬਾਜ਼ਾਂ ਦੀ ਦੁਧਾਰੇ ਖੰਡੇ ਦੁਆਰਾ ਕਲਾਧਾਰੀ ਸਤਿਗੁਰੂ ਜੀ ਨੇ ਕਲਿਆਣ ਕੀਤੀ। ਇਸੇ ਤਰ੍ਹਾਂ ਪ੍ਰੇਮ ਦੇ ਕਲਾਧਾਰੀ ਬਾਣ ਵਾਹ ਕੇ ਦਸਵੇਂ ਜਾਮੇ ਵਿੱਚ ਸ੍ਰੀ ਗੁਰੂ ਕਲਗੀਧਰ ਜੀ ਨੇ ਸ਼ੱਤਰੂ-ਦਲ ਦਾ ਸ਼ੱਤਰਪਣ ਤੋੜ, ਰੱਬੀ ਮੰਜ਼ਲਾਂ ਦੀ ਪ੍ਰੇਮ-ਤਾਰ ਵਿਖੇ ਜੋੜਿਆ।

ਭੁੱਲਿਓ ਲੋਕੋ ! ਕੀ ਇਹ ਸ਼ੱਤਰਤਾ ਦੇ ਬਾਣ ਸਨ, ਜੋ ਸ੍ਰੀ ਦਸਮੇਸ਼ ਜੀ ਨੇ ਸ਼ੱਤਰੂ ਦਲ ਤੇ ਵਾਹੇ ? ਨਹੀਂ ! ਨਹੀਂ !! ਇਹ ਤਾਂ ਕਲਿਆਣ-ਦਾਤੇ ਪ੍ਰੇਮ ਦੇ ਅਮੋਘ ਛਾਂਦੇ ਸਨ, ਜੋ ਵਡਭਾਗੀਆਂ ਨੂੰ ਮਿਲੇ। ਇਤਿਹਾਸ ਇਸ ਗੱਲ ਦੀ ਸ਼ਾਹਦੀ ਦਿੰਦਾ ਹੈ ਕਿ ਜਿਸ ਜਿਸ ਜੋਧੇ ਨੂੰ ਸ੍ਰੀ ਦਸਮੇਸ਼ ਧਨੁਖਧਾਰੀ ਦੇ ਤੇਜ-ਪਾਰਸੀ-ਮੁਖੀ ਵਾਲੇ ਬਾਣ ਲੱਗੇ ਤਿਸ ਤਿਸ ਦੇ ਹਿਰਦੇ ਵਿੱਚ ਪ੍ਰੇਮ ਦੀ ਝਰਨਾਹਟ ਫਿਰ ਗਈ ਤੇ ਤਿਸ ਤਿਸ ਨੂੰ ਹੀ ਬਿਸਮਾਦ ਰਸ ਦੇ ਅਗਾਧ ਸੁਆਦ ਆਏ। ਪੀੜਾ ਦੇ ਥਾਉਂ ਪ੍ਰੇਮ-ਨਿਮਗਨਤਾ ਹੋਈ। 'ਹਾਇ, ਉਫ਼' ਦੀ ਥਾਉਂ 'ਵਾਹੁ ਵਾਹੁ, ਧੰਨ ਧੰਨ' ਦੀ


www.AKJ.Org

ਸੁਰ ਭਰੀ ਅਵਾਜ਼ ਮੁੱਖ ਤੋਂ ਨਿਕਲੀ। ਪ੍ਰੇਮ ਪਦਾਰਥ ਤੋਂ ਸੱਖੇ, ਗੁਰੂ ਸ਼ਰਧਾ ਤੋਂ ਵਿਰਵੇ ਖ਼ੁਸ਼ਕ ਫ਼ਿਲਾਸਫ਼ਰਾਂ ਨੂੰ ਪ੍ਰੇਮ ਦੀ ਫ਼ਿਲਾਸਫ਼ੀ ਦਾ ਕੀ ਪਤਾ? ਏਸ ਪ੍ਰੇਮ ਦੀ ਸਾਰ ਭਾਈ ਨੰਦ ਲਾਲ ਸਾਰਖੇ ਆਰਫ਼ ਹੀ ਜਾਣਨ, ਜਿਨ੍ਹਾਂ ਨੂੰ ਕਿ :-

*ਮਾ ਨਮੇ ਆਰੇਮ ਤਾਬੇ, ਗਮਜ਼ਾ-ਏ ਮਿਯਗਾਨਿ ਊ॥
ਯਕ ਨਿਗਾਹਿ ਜਾਂ ਫ਼ਿਜ਼ਾਇਸ਼, ਬਸ ਬਵੱਦ ਦਰਕ ਰਿ ਮਾ॥ ਗ਼ਜ਼ਲ ਨੰਬਰ ੨

ਦੇ ਜ਼ਿੰਦਾ ਬਚਨ ਅਨੁਸਾਰ ਸ੍ਰੀ ਦਸਮੇਸ਼ ਜੀ ਦੀ ਇੱਕ ਨਿਗਾਹੇ-ਮੁਬਾਰਕ ਦਾ ਇੱਕ ਬਾਣ ਹੀ ਜਾਨ ਪਾਉਣ ਵਾਲਾ ਪ੍ਰਤੀਤ ਹੁੰਦਾ ਹੈ। ਨਜ਼ਰੇ ਮੁਕੱਦਸ ਦੇ ਪਾਰਸ ਪ੍ਰੇਮ-ਤੀਰ ਵਿੱਚ ਇੱਕ ਅਬਦੀ ਜ਼ੀਸਤ (ਸਦੀਵੀ ਜੀਵਨ) ਦੇਣ ਵਾਲੀ ਜ਼ਿੰਦਾ ਕਰਾਮਾਤ ਅਤੇ ਪਾਕ ਤਾਸੀਰ ਕੇਵਲ ਉਨ੍ਹਾਂ ਨਦਰੀ ਨਦਰ ਨਿਹਾਲ ਹੋ ਕੇ ਨਦਰਿਸ਼ਟ ਜਨਾਂ ਨੂੰ ਮਨ ਬਚ ਕ੍ਰਮ ਕਰਕੇ ਪ੍ਰਤੀਤ ਹੋਈ ਹੈ, ਜਿਨ੍ਹਾਂ ਉੱਤੇ ਕਿ ਭੂਤ ਭਵਾਨ ਵਿਖੇ ਇਹ ਨਦਰ ਸੱਚ ਮੁੱਚ ਅਤੇ ਪਰਤੱਖ ਵਾਪਰੇ ਤਜਰਬੇ ਵਿੱਚ ਹੋਈ ਹੈ। ਉਹ ਪਾਰਸ-ਕਲਾ ਵਾਲੇ ਸੱਚੇ ਕੀਮੀਆਗਰ ਪਾਤਸ਼ਾਹ ਦੇ ਕਰ-ਕੇਵਲਾਂ ਨਾਲ ਸਪੱਰਸ਼ੇ ਗਏ। ਸਰਬਲੋਹੀ ਬਾਣ ਭੀ ਅਨਿਆਲੇ ਨੂਰ ਤੇਜਸ੍ਵੀ ਪ੍ਰੇਮ-ਬਾਣ ਹੋ ਗਏ। ਤਿਨ੍ਹਾਂ ਦੀ ਪੀੜਾ ਕਿਸ ਨੂੰ? ਤਿਨ੍ਹਾਂ ਨੇ ਕਿਸੇ ਨੂੰ ਕੀ ਘਾਇਲ ਕਰਨਾ ਤੇ ਕੀ ਮਾਰ ਮੁਕਾਉਣਾ? ਤਿਨ੍ਹਾਂ ਨੂੰ ਤਾਂ ਜ਼ੀਸਤ ਅਬਦੀ (ਸਦੀਵੀ ਜੀਵਨੀ) ਹਾਸਲ ਹੋ ਗਈ। ਹਾਂ ਜੀ! ਸ੍ਰੀ ਦਸਮੇਸ਼ ਸਾਹਿਬ ਸੱਚੇ ਪਾਤਸ਼ਾਹ ਸੱਚ ਮੁੱਚ ਜੀਅ ਦਾਨ ਦੇਣ ਆਏ, ਮੋਇਆਂ ਨੂੰ ਅਮਰ ਕਰਾਉਣ ਆਏ।

ਰੱਬੀ ਗੁਰੂ ਅਵਤਾਰਾਂ, ਰੱਬ-ਰਹਿਮਤੀ ਪਾਰਸ-ਕਲਾ ਦੀਆਂ ਰਮਜ਼ਾਂ ਨੂੰ ਫੋਕ ਫਲਸਫੀਏ ਰੀਫਾਰਮਰ ਕੀ ਜਾਣਨ? ਤਿਨ੍ਹਾਂ ਦਾ ਸ੍ਰੀ ਦਸਮੇਸ਼ ਪਿਤਾ ਸੱਚੇ ਸਾਹਿਬ ਨੂੰ ਗੁਮਰਾਹ ਹੁੱਬਲ ਵਤਨ (Misguided Petriot) ਲਿਖ ਦੇਣਾ ਕਿੱਡੀ ਹੋਛੀ ਹਮਾਕਤ ਹੈ; ਪਰ ਓਹ ਮਤਸਰੀ ਕੀ ਕਰਨ! ਓਹਨਾਂ ਦੀ ਅਲਪੱਗ ਬੁੱਧ ਹੀ ਏਤਨੀ ਹੈ। ਸਰਬੱਗ ਪੁਰਸ਼ਾਂ ਦੀ ਸਾਰ ਜੇ ਅਲਪੱਗ ਰੀਫ਼ਾਰਮਰ ਜਾਣ ਸਕਣ ਤਾਂ ਸਰਬੱਗਤਾ ਦੀ ਕਦਰ ਸਸਤ-ਮੁੱਲੀ ਨਾ ਹੋ ਜਾਏ? ਸ੍ਰੀ ਦਸਮੇਸ਼ ਜੀ ਦਾ ਆਦਰਸ਼ ਬੜਾ ਉੱਚਾ ਹੈ। ਇਸ ਉੱਚ ਔਜ ਨੂੰ ਨੀਵੀਂ ਅਕਲ ਵਾਲੇ ਅਲਪੱਗ ਜੀਵ ਕੀ ਪਛਾਨਣ? ਗੁਰਸਿੱਖਾਂ ਨੂੰ ਅਜਿਹਾ ਉੱਚਾ ਸੁੱਚਾ ਆਦਰਸ਼ ਛੱਡ ਕੇ ਆਨ ਅਲਪੱਗ ਰੀਫ਼ਾਰਮਰਾਂ ਦੇ ਤੁਛ ਆਦਰਸ਼ ਉੱਤੇ ਚੱਲਣਾ ਅਧੋਗਤੀ ਦੀ ਨਿਸ਼ਾਨੀ ਹੈ।

ਸ੍ਰੀ ਦਸਮੇਸ਼ ਜੀ ਦਾ ਆਦਰਸ਼ ਕੋਈ ਗੁੱਝਾ ਛਿਪਾ ਨਹੀਂ ਹੈ। ਆਪਣੇ ਸ੍ਰੀ ਮੁਖਵਾਕ ਦੁਆਰਾ ਹੀ ਸ੍ਰੀ ਦਸਮੇਸ਼ ਜੀ ਸਾਹਿਬ ਨੇ ਆਪਣਾ ਆਦਰਸ਼ ਇਸ ਬਿਧਿ ਵਰਨਣ ਕੀਤਾ ਹੈ :—

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨਿ ਪਕਰਿ ਪਛਾਰੋ॥੪੨॥
ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥੪੩॥

ਬਚਿਤ੍ਰ ਨਾਟਕ, ਅਧਿਆਇ ੬

ਸ੍ਰੀ ਦਸਮੇਸ਼ ਜੀ ਦਾ ਧਰਮ ਅਤੇ ਧਰਮੀਆਂ ਦੀ ਰੱਖਿਆ ਕਰਨਾ ਅਤੇ ਪਾਪ ਤੇ ਪਾਪੀਆਂ ਨੂੰ ਮਾਰਿ ਬਿਦਾਰਨਾ ਕੇਵਲ ਇੱਕੋ ਮੁੱਖ-ਮੰਤਰੀ-ਆਦਰਸ਼ "ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ" ਦੀ ਵਿਆਖਿਆ ਹੈ। ਜੀਅ ਦਾਨ ਦੇ ਭਗਤੀ ਲਾਵਣਾ ਅਤੇ ਵਿਛੜੇ ਜਗਿਆਸੂਆਂ ਨੂੰ ਅਕਾਲ ਪੁਰਖ ਦਾ ਦਰਸ਼ਨ ਕਰਾਵਣਾ ਸਰਬ ਧਰਮਾਂ ਸਿਰ ਸ੍ਰੇਸ਼ਟ ਧਰਮ ਹੈ ਅਤੇ ਪਾਪ ਦਾ ਮਾਰ ਬਿਦਾਰਨਾ ਅਤੇ ਪਾਪੀਆਂ ਦਾ ਸੰਘਾਰਨਾ ਇੱਕੋ ਜਿਹਾ ਹੀ ਪੁੰਨ-ਧਰਮ ਹੈ। ਪੰਜਾਂ ਦੇ ਪੁੰਜ ਪਾਪਿਸ਼ਟ ਪ੍ਰਾਣੀਆਂ ਨੂੰ ਸੋਧਣਾ ਸਾਧਣਾ ਐਸਾ ਹੀ ਪ੍ਰਵਾਣੀਕ ਹੈ ਜੈਸਾ ਕਿ ਪੰਜ ਦੋਖਾਂ ਦਾ ਦਮਨ ਕਰਨਾ। ਅੰਦਰਲੇ ਪੰਜੇ ਮਹਾਂ ਬਲੀ ਦੂਤਾਂ ਨੂੰ ਬੱਧ ਕਰਨਾ ਐਸਾ ਹੀ ਪੁੰਨ-ਪੁੰਜ ਹੈ।

*ਅਸੀਂ ਉਸ ਕਲਗੀਧਰ ਦੇ ਨੇਤਰਾਂ ਦੇ ਇਕ ਇਸ਼ਾਰੇ ਦੀ ਤਾਬ ਨਹੀਂ ਲਿਆ ਸਕਦੇ। ਸਾਡੇ ਲਈ ਉਸ ਦੀ ਜੀਵਨ-ਦਾਤੀ ਮਿਹਰ ਦੀ ਇਕ ਤਕਣੀ ਹੀ ਕਾਫ਼ੀ ਹੈ।


www.AKJ.Org

# ਕਲਿਜੁਗੁ ਉਧਾਰਿਆ ਗੁਰਦੇਵ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਕਲਿਜੁਗੁ ਉਧਾਰਿਆ ਗੁਰਦੇਵ ॥
ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ ॥੧॥ਰਹਾਉ॥
ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ, ਸਭ ਮਹਿ ਰਹਿਆ ਸਮਾਇ ॥
ਧਰਮ ਰਾਜਾ ਬਿਸਮਾਦੁ ਹੋਆ, ਸਭ ਪਈ ਪੈਰੀ ਆਇ ॥੨॥

—ਆਸਾ ਮਹਲਾ ੫, ਪੰਨਾ ੪੦੬

ਏਸ ਗੁਰਵਾਕ ਦਾ ਭਾਵ ਹੈ ਕਿ ਕਲਜੁਗ ਵਿਚ ਜੀਵਾਂ ਦਾ ਉਧਾਰ ਗੁਰੂ ਸਾਹਿਬ ਨੇ ਕੀਤਾ ਹੈ, ਜੋ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਜਾਰੀ ਹੈ। ਮਹਾਂ ਅਪਵਿਤ੍ਰ ਤੇ ਅਗਿਆਨ ਦੇ ਕਾਰਨ ਮੂਰਖ ਬਣੇ ਹੋਏ ਲੋਕ (ਗੁਰੂ ਸਾਹਿਬਾਨ ਦੀ ਬਖ਼ਸ਼ਸ਼ ਸਦਕਾ) ਸਭ ਅਕਾਲ ਪੁਰਖ ਦੀ ਸੇਵਾ ਵਲ ਲਗ ਗਏ ਤੇ "ਧਰਮਰਾਜਾ ਬਿਸਮਾਦੁ ਹੋਆ, ਸਭ ਪਈ ਪੈਰੀ ਆਇ" ਦੇ ਗੁਰਵਾਕ ਅਨੁਸਾਰ ਇਹ ਸੇਵਾ ਤੇ ਭਗਤੀ ਭਾਵ ਦੀ ਲਹਿਰ ਏਥੋਂ ਤਕ ਵਧ ਗਈ ਕਿ ਧਰਮਰਾਜ ਏਸ ਕੌਤਕ ਨੂੰ ਦੇਖ ਕੇ ਹੈਰਾਨ ਹੋ ਗਿਆ ਕਿ ਸਾਰੀ ਸ੍ਰਿਸ਼ਟੀ ਸਤਿਗੁਰੂ ਦੀ ਪੈਰੀਂ ਆ ਪਈ, ਭਾਵ, ਸਭ ਨੇ ਸਤਿਗੁਰੂ ਦੀ ਸ਼ਰਨ ਲੈ ਕੇ ਸਿਖੀ ਦਾਨ ਪ੍ਰਾਪਤ ਕੀਤਾ।

ਏਸ ਦਾ ਮੋਟਾ ਅਰਥ ਹੈ ਕਿ ਜੋ ਸਿਲਸਿਲਾ ਗੁਰੂ ਨਾਨਕ ਸਾਹਿਬ ਨੇ ਜੀਵਾਂ ਦੇ ਉਧਾਰ ਦਾ ਜਾਰੀ ਕੀਤਾ ਹੈ, ਇਹ ਮੁਕੰਮਲ ਉਦੋਂ ਹੋਣਾ ਹੈ ਜਦ ਸਾਰੀ ਸ੍ਰਿਸ਼ਟੀ ਨੇ ਉਧਰਨਾ ਹੈ। ਤੇ ਉਦੋਂ ਹੀ ਧਰਮਰਾਜ ਨੇ ਹੈਰਾਨ ਹੋਣਾ ਹੈ। ਇਹ ਸਮਾਂ ਜ਼ਰੂਰ ਆਉਣਾ ਹੈ, ਜਦੋਂ ਕਿ ਸਾਰੇ ਜਗਤ ਨੇ ਖਾਲਸਾ ਧਰਮ ਗ੍ਰਹਿਣ ਕਰ ਕੇ ਵਰੋਸਾਉਣਾ ਹੈ। ਇਸੇ ਗੱਲ ਨੂੰ ਬਿਲਾਵਲ ਮਹਲਾ ੩ ਵਿਚ ਇਉਂ ਫੁਰਮਾਇਆ ਹੈ :—

ਚਹੁ ਜੁਗਾ ਕਾ ਹੁਣਿ ਨਿਬੇੜਾ, ਨਰ ਮਨੁਖਾ ਨੋ ਏਕੁ ਨਿਧਾਨਾ ॥
ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮ ॥੨॥

ਬਿਲਾਵਲੁ ਮਹਲਾ ੩, ਪੰਨਾ ੭੯੭

ਭਾਵ, ਕਲਜੁਗ ਵਿਚ ਕੇਵਲ ਸਤਿਗੁਰ ਦੀ ਬਾਣੀ ਤੇ ਨਾਮ-ਗੁਰਮੰਤਰ "ਵਾਹਿਗੁਰੂ" ਦੇ ਜਪਣ ਨਾਲ ਹੀ ਉਧਾਰ ਦਾ ਬਾਨ੍ਹਣੂ ਬਝ ਸਕਦਾ ਹੈ। ਮੁਕਦੀ ਗੱਲ ਇਹ ਹੈ ਕਿ ਕਲਜੁਗ ਵਿਚ ਗੁਰਮਤਿ ਹੀ ਸੱਚਾ ਤੇ ਸਦੀਵੀ, ਕਲਿਆਣਕਾਰੀ ਧਰਮ ਹੈ, ਜਿਸ ਦਾ ਦੂਜਾ ਨਾਮ ਗੁਰੂ ਦਸਮ ਪਾਤਸ਼ਾਹ ਨੇ ਸੰਕੇਤ ਕੇ ਖਾਲਸਾ ਧਰਮ ਰਖਿਆ ਹੈ।

ਪੁਸਤਕ "ਗੁਰਮਤਿ ਗੌਰਵਤਾ" ਪੰਨਾ ੬੦੭-੦੮

---

[ਸਫਾ ੬ ਦੀ ਬਾਕੀ]

**✲ ਜੈਸਾ ਕਿ ਪੰਜਾਂ ਦੇ ਪੁੰਜ ਮੁਜੱਸਮ ਪੰਜਾਂ ਦੁਸ਼ਟਾਂ ਦਾ ਸੰਘਾਰਨਾ ਹੈ। ਪੰਜ ਵਿਕਾਰਾਂ ਦੇ ਮਾਰ ਬਿਦਾਰਨ ਦਾ ਸੱਚਾ ਢੋਆ ਨਾਮ ਦਾ ਖੰਡਾ ਹੈ ਅਤੇ ਪੰਜਾਂ ਦੇ ਪੁੰਜ ਹਤਿਆਰਿਆਂ ਦੇ ਸੋਧਣ ਦਾ ਸਾਧਨ ਭੀ ਪ੍ਰੇਮ ਦਾ ਖੜਗ ਹੈ,** ਜੋ ਸਮੇਂ ਸਮੇਂ ਦੀ ਲੋੜ ਅਨੁਸਾਰ ਗੁਰੂ-ਜੋਤਿ-ਜਾਮਿਆਂ ਨੇ ਵਰਤ ਦਿਖਾਇਆ, ਪਰ ਆਦਰਸ਼ ਵਿੱਚ ਕੋਈ ਫ਼ਰਕ ਨਹੀਂ ਆਇਆ। ਕਿਉਂਕਿ ਦਸੇ ਗੁਰੂ ਸਾਹਿਬਾਨ ਦੀ ਅਸਲੀਅਤ ਇਹ ਹੈ :—

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ..॥੨॥

ਸਤੇ ਬਲਵੰਡ ਦੀ ਵਾਰ, ਪੰਨਾ ੯੬੬

["ਗੁਰਮਤਿ ਪ੍ਰਕਾਸ਼" ਪੁਸਤਕ ਵਿਚੋਂ]



www.AKJ.Org

# ਮੀਰੀ ਪੀਰੀ

## ਛਟਮ ਪੀਰ ਤੋਂ ਦਸਮੇਸ਼ ਜੀ ਤਕ

[ਪ੍ਰਿੰਸੀਪਲ ਗੁਰਮੁਖ ਸਿੰਘ ਜੀ]

ਪ੍ਰਿੰਸੀਪਲ ਗੁਰਮੁਖ ਸਿੰਘ ਜੀ ਗੁਰਮਤਿ ਕਾਲਜ, ਪਟਿਆਲਾ ਵਲੋਂ "ਨਾਨਕ ਪੀਰ" ਨਾਮੀ ਲੇਖ 'ਸੂਰਾ' ਨਵੰਬਰ ਤੇ ਦਸੰਬਰ ੧੯੮੧ ਵਿਚ ਦੋ ਕਿਸ਼ਤਾਂ ਵਿਚ ਛਪਿਆ ਸੀ। ਉਸੇ ਲੇਖ ਦੀ ਇਹ ਦੂਜੀ ਕਿਸ਼ਤ, ਉਦੋਂ ਕਿਤੇ ਛਪਣੀ ਰਹਿ ਗਈ ਸੀ ਅਤੇ ਹੁਣ ਤਕ ਅਣਗੌਲੀ ਹੀ ਪਈ ਰਹੀ ਹੈ। ਐਤਕੀਂ ਇਹ ਲੇਖ ਅਚਣਚੇਤ ਜਦ ਸਾਹਮਣੇ ਆ ਗਿਆ ਤਾਂ ਧਰਮ ਤੋਂ ਸਿਆਸਤ ਵਖ਼ ਕਰਨ ਦਾ ਵਾਵੇਲਾ ਕੰਨੀਂ ਪੈ ਰਿਹਾ ਸੀ। ਇਸ ਸੰਬੰਧ ਵਿਚ ਇਹ ਲੇਖ ਆਪਣੀ ਇਕ ਨਿਵੇਕਲੀ ਤੇ ਉਚੇਰੀ ਥਾਂ ਰਖਦਾ ਹੋਣ ਕਰਕੇ 'ਸੂਰਾ' ਵਿਚ ਦਿਤਾ ਜਾ ਰਿਹਾ ਹੈ। —ਸੰਪਾਦਕ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੀਰੀ ਦੀ ਗਦੀ ਕਾਇਮ ਕੀਤੀ। ਇਸਲਾਮੀ ਪਰਪਰਾ ਅਨੁਸਾਰ ਇਹ "ਪੀਰੀ" ਗਦੀ ਹੁੰਦੀ ਸੀ, ਜਿਸ ਨੂੰ ਗੁਰੂ-ਗਦੀ ਦਾ ਨਾਮ ਦਿਤਾ ਗਿਆ ਹੈ। ਇਸ ਤਰ੍ਹਾਂ ਪੰਜਵੇਂ ਸਤਿਗੁਰਾਂ ਤਕ ਪੰਜ ਪੀਰ ਮੰਨੇ ਗਏ ਹਨ। ਛੇਵੇਂ ਸਤਿਗੁਰੂ ਜੀ ਨਾਨਕ ਪੀਰ ਦੀ ਗਦੀ ਤੇ ਛਟਮ ਪੀਰ ਭੀ ਸਨ, ਪਰ ਇਹ ਪਹਿਲੀ ਵਾਰ ਹੈ ਕਿ ਨਾਨਕ ਪੀਰ ਨੇ ਪੀਰੀ ਦੇ ਨਾਲ ਮੀਰੀ ਭੀ ਧਾਰਨ ਕੀਤੀ—

ਪੰਜ ਪਿਆਲੇ ਪੰਜ ਪੀਰ, ਛਠਮੁ ਪੀਰੁ ਬੈਠਾ ਗੁਰ ਭਾਰੀ ॥

—ਭਾਈ ਗੁਰਦਾਸ ਜੀ, ਵਾਰ ੧, ਪਉੜੀ ੪੮

ਇਤਿਹਾਸ ਦਸਦਾ ਹੈ ਕਿ ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਦਸਤਾਰ-ਬੰਦੀ ਤੋਂ ਪਿਛੋਂ ਗੁਰ-ਗਦੀ ਦਾ ਤਿਲਕ ਬਾਬਾ ਬੁੱਢਾ ਜੀ ਦੇਣ ਲਗੇ ਤਾਂ ਉਸ ਵਕਤ ਸ੍ਰੀ ਗੁਰੂ ਜੀ ਦੀ ਆਗਿਆ ਅਨੁਸਾਰ ਉਨ੍ਹਾਂ ਨੂੰ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ (ਸ੍ਰੀ ਸਾਹਿਬਾਂ) ਪਹਿਨਾਈਆਂ ਗਈਆਂ ਅਤੇ ਦਸਤਾਰ ਵਿਚ ਕਲਗੀ ਵੀ ਲਗਾਈ ਗਈ, ਜੋ ਮੀਰੀ ਦਾ ਚਿੰਨ੍ਹ ਹੈ। ਸੱਜੇ ਪਾਸੇ ਮੀਰੀ ਦੀ ਸ੍ਰੀ ਸਾਹਿਬ ਸੀ ਅਤੇ ਖੱਬੇ ਪਾਸੇ ਪੀਰੀ ਦੀ, ਜਿਸ ਦਾ ਭਾਵ ਸੀ ਕਿ ਅੱਜ ਤੋਂ ਨਾਨਕ ਪੀਰ ਪੂਰੀ ਤਰ੍ਹਾਂ ਸ਼ਸਤਰਧਾਰੀ ਹੋ ਕੇ ਵਿਚਰੇਗਾ ਤੇ ਜ਼ੁਲਮ ਦਾ ਟਾਕਰਾ ਤਲਵਾਰ ਨਾਲ ਕੀਤਾ ਜਾਵੇਗਾ।

ਸਤਿਗੁਰਾਂ ਦਾ ਦਸਤਾਰ ਵਿਚ ਕਲਗੀ ਲਗਾਣਾ ਅਤੇ ਮੀਰੀ ਦੇ ਨਾਲ ਪੀਰੀ ਲਈ ਭੀ ਤੇਗ ਦਾ ਚਿੰਨ੍ਹ ਧਾਰਨ ਕਰਨਾ ਦਸਦਾ ਹੈ ਕਿ ਸਤਿਗੁਰੂ ਜੀ ਇਨ੍ਹਾਂ ਨਵੀਂ ਕਿਸਮ ਦੇ ਧਾਰਮਿਕ ਚਿੰਨ੍ਹਾਂ ਨੂੰ ਅਪਣਾ ਕੇ ਮੀਰੀ ਤੇ ਪੀਰੀ ਦਾ ਸੁਮੇਲ ਕਰ ਰਹੇ ਸਨ। ਨਾਨਕ ਪੀਰ ਦਾ ਭਾਵੇਂ ਸਤਿਕਾਰ ਤਾਂ ਕੀਤਾ ਜਾਂਦਾ ਸੀ, ਪਰ ਇਸਲਾਮੀ ਰਾਜ ਵਿਚ ਉਸ ਦੀ ਜਾਨ ਤੇ ਮਾਲ ਨੂੰ ਕੋਈ ਸੁਰੱਖਿਆ ਪ੍ਰਾਪਤ ਨਹੀਂ ਸੀ, ਜੋ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਨਾਲ ਸਪਸ਼ਟ ਰੂਪ ਵਿਚ ਹਿੰਦੂ ਅਤੇ ਸਿਖ ਜਨਤਾ ਦੇ ਸਾਹਮਣੇ ਆ ਰਹੀ ਸੀ। ਇਸ ਲਈ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਪੀਰੀ ਦੇ ਚਿੰਨ੍ਹ ਵਜੋਂ ਸ਼ਸਤਰ-ਧਾਰੀ ਹੋਣਾ ਪਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਪੰਜਵੇਂ ਜਾਮੇ ਤਕ, ਆਪਣੀ ਉਮਤ ਨੂੰ ਫੋਕਟ ਕਰਮਾਂ ਧਰਮਾਂ ਤੋਂ ਹਟਾ ਕੇ ਇਕ ਅਕਾਲ ਪੁਰਖ ਦੇ ਲੜ ਲਾਉਣ ਲਈ ਸੰਘਰਸ਼ ਕਰਦੇ ਹੋਏ ਪੀਰੀ ਦੇ ਪੱਖ ਨੂੰ ਪਰਤੱਖ ਤੌਰ ਤੇ ਉਜਾਗਰ ਕਰਦੇ ਰਹੇ ਅਤੇ ਮੀਰੀ ਪੱਖ ਲਈ ਤਿਆਰ ਕਰਨ ਲਈ ਆਪਣੇ ਸਿਖਾਂ ਦੇ ਅੰਦਰ ਉਸ ਦਾ ਬੀਜ ਨਾਲੋ ਨਾਲ ਪਾਉਂਦੇ ਰਹੇ। ਮੀਰੀ ਜਾਮੇ ਤੋਂ ਪਹਿਲਾਂ ਹੀ ਬਾਣੀ ਵਿਚ ਸਤਿਗੁਰੂ ਜੀ ਨੇ ਸਿਖ ਨੂੰ ਪ੍ਰੇਮ ਦੀ ਗਲੀ ਵਿਚ ਆਉਣ ਲਈ ਸੀਸ ਤਲੀ ਤੇ ਰਖਣ ਤੇ ਆਪਾ ਵਾਰਨ ਦੀ ਜਾਚ ਇਨ੍ਹਾਂ ਹੁਕਮਾਂ ਰਾਹੀਂ ਸਿਖਾ ਦਿਤੀ ਸੀ—



www.AKJ.Org

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥

ਸਲੋਕ ਮਹਲਾ ੧, ਪੰਨਾ ੧੪੧੨

ਸਿਖਾਂ ਨੂੰ ਨਿਰਭੈਤਾ ਦਾਨ ਕਰਨ ਵਾਲੇ ਗੁਰੂ ਨਾਨਕ ਪਾਤਸ਼ਾਹ ਨੇ ਬਾਬਰਵਾਣੀ ਦੇ ਜ਼ੁਲਮਾਂ ਨੂੰ ਬੜੀ ਦਲੇਰੀ ਨਾਲ ਗੁਰਬਾਣੀ ਵਿਚ ਨਸ਼ਰ ਕੀਤਾ ਅਤੇ ਉਸ ਵੇਲੇ ਦੇ ਰਾਜ ਸਾਜ ਵਿਚ ਪਰਜਾ ਤੇ ਜੋ ਬੇਰਹਿਮਾਨਾ ਵਧੀਕੀਆਂ ਹੋ ਰਹੀਆਂ ਸਨ, ਉਨ੍ਹਾਂ ਨੂੰ ਗੁਰਬਾਣੀ ਵਿਚ ਬੇਖ਼ੌਫ ਹੋ ਕੇ ਪ੍ਰਗਟ ਕੀਤਾ। ਸਤਿਗੁਰੂ ਜੀ ਨੇ ਰਿਸ਼ਵਤਖ਼ੋਰ ਮੁਸਲਾਮਾਨ ਹਾਕਮਾਂ, ਉਨ੍ਹਾਂ ਦੇ ਸਾਥੀ ਕੁਲ-ਘਾਤਕੀ ਖੱਤਰੀਆਂ ਅਤੇ ਉਨ੍ਹਾਂ ਦੇ ਘਰੀਂ ਜਾ ਕੇ ਖੀਰਾਂ ਖਾਣ ਵਾਲੇ ਬ੍ਰਾਹਮਣਾਂ–ਇਨ੍ਹਾਂ ਸਭਨਾਂ ਦੀਆਂ ਕਾਲੀਆਂ ਕਰਤੂਤਾਂ ਖੁਲ੍ਹਮ-ਖੁਲ੍ਹਾ ਨਸ਼ਰ ਕਰਨੀਆਂ ਸ਼ੁਰੂ ਕਰ ਦਿਤੀਆਂ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸਪਸ਼ਟ ਫ਼ੁਰਮਾ ਰਹੀ ਹੈ–

ਮਾਣਸ-ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥ ਉਨ੍ਹਾ ਭਿ ਆਵਹਿ ਓਹੀ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥੨॥੧੬॥

—ਆਸਾ ਦੀ ਵਾਰ ਮ: ੧, ਪੰਨਾ ੪੭੧

ਅਤੇ ਫਿਰ ਹੋਰਥੇ ਫ਼ੁਰਮਾਂਦੇ ਹਨ–

ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥
ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥੧॥੧੧॥

—ਸਲੋਕ ਮ: ੧, ਰਾਮਕਲੀ ਕੀ ਵ ਰ, ਪੰਨਾ ੯੫੧

ਗੁਰੂ ਨਾਨਕ ਪਾਤਸ਼ਾਹ ਨੇ ਜਿਥੇ ਧਰਮ ਦੇ ਠੇਕੇਦਾਰਾਂ ਕਾਜ਼ੀਆਂ ਬ੍ਰਾਹਮਣਾਂ ਦੀਆਂ ਕਰਤੂਤਾਂ ਨੂੰ ਭੰਡਿਆ ਉਥੇ ਧਰਮ ਤੋਂ ਸਖਣੇ ਕਲਜੁਗੀ ਰਾਜਿਆਂ ਨੂੰ ਭੀ ਉਨ੍ਹਾਂ ਦੇ ਪਾਜ ਉਘੇੜ ਕੇ ਸਖ਼ਤ ਤਾੜਨਾ ਕੀਤੀ ਅਤੇ ਫ਼ੁਰਮਾਇਆ–

ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ ॥
ਕੂੜ ਅਮਾਵਸ ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ ॥੧॥੧੬॥

ਸਲੋਕ ਮ: ੧, ਮਾਝ ਕੀ ਵਾਰ, ਪੰਨਾ ੧੪੫

ਇਉਂ ਗੁਰ-ਉਪਦੇਸ਼ਾਂ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਿਖਾਂ ਦੇ ਅੰਦਰ ਜਿਥੇ ਪੀਰੀ ਜਾਮੇ ਵਿਚ ਧਰਮ ਧਾਰਨ ਕਰਨ ਦਾ ਪ੍ਰਚਾਰ ਹੋ ਰਿਹਾ ਸੀ ਉਥੇ ਨਾਲੋ ਨਾਲ ਹੀ ਉਨ੍ਹਾਂ ਦੇ ਅੰਦਰ ਸ੍ਵੈ-ਰਖਿਆ ਲਈ ਅਤੇ ਪਰਉਪਕਾਰ ਖ਼ਾਤਰ ਮਰ ਮਿਟਣ ਲਈ ਮੀਰੀ ਦਾ ਵੀ ਬੀਜ ਪਾਇਆ ਜਾ ਰਿਹਾ ਸੀ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਉਘੜ ਕੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਮੀਰੀ ਪੀਰੀ ਦਾ ਸੁਮੇਲ ਕਰ ਵਿਖਾਇਆ ਤੇ ਨਾਨਕ ਪੀਰ ਦੀ ਸਾਰੀ ਉਮਤ ਨੂੰ ਸ਼ਸਤਰ-ਧਾਰੀ ਬਣਾ ਦਿਤਾ। ਸਿਖ ਇਤਿਹਾਸ ਦਾ ਇਹ ਬਹੁਤ ਵੱਡਾ ਮੋੜ ਹੈ। ਪਰਤੱਖ ਤੌਰ ਤੇ ਨਾਮ-ਆਧਾਰੀ ਦਾ ਸ਼ਸਤਰ-ਧਾਰੀ ਹੋ ਜਾਣਾ ਇਕ ਅਨੋਖੀ ਖੇਡ ਹੀ ਤਾਂ ਸੀ।

ਇਸੇ ਕਾਰਨ ਭਾਰਤੀ ਇਤਿਹਾਸਕਾਰਾਂ ਨੇ ਟਪਲਾ ਖਾਧਾ ਹੈ। ਸ੍ਰੀ ਜਾਦੂਨਾਥ ਸਰਕਾਰ ਨੇ ਤਾਂ ਇਥੋਂ ਤੱਕ ਲਿੱਖ ਦਿੱਤਾ ਸੀ ਕਿ "ਗੁਰੂ ਹਰਿਗੋਬਿੰਦ ਜੀ ਨੇ ਆਪਣੀ ਉਮਤ ਨੂੰ ਗੁਰੂ ਨਾਨਕ ਸਾਹਿਬ ਦੇ ਅਮਨ-ਅਮਾਨ ਦੇ ਰਾਹ ਤੋਂ ਭਟਕਾ ਕੇ ਲਾਮ-ਬੰਦ ਕਰ ਦਿੱਤਾ।" ਇਹ ਉਸਦੀ ਭੁਲ ਸੀ।



www.AKJ.Org

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਦਸਾਂ ਪਾਤਸ਼ਾਹੀਆਂ ਦਾ ਇਕੋ ਮਿਸ਼ਨ ਸੀ, ਤੇ ਉਹ ਸੀ—

ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਇ ॥

ਦਸੋਂ ਪਾਤਸ਼ਾਹੀਆਂ ਵਿਚ ਜੋਤਿ ਜੁਗਤਿ ਇਕੋ ਹੀ ਵਰਤਦੀ ਰਹੀ, ਕੇਵਲ ਕਾਇਆਂ ਹੀ ਪਲਟਦੀ ਰਹੀ। ਜਿਹਾ ਕਿ ਗੁਰਬਾਣੀ ਵਿਚ ਦਰਜ ਹੈ—

ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥

ਆਮ ਸੰਸਾਰੀ ਨਜ਼ਰਾਂ ਵਿਚ ਛੇਵੇਂ ਪਾਤਸ਼ਾਹ ਦੇ ਸਮੇਂ ਭਗਤੀ ਦੇ ਨਾਲ ਸ਼ਕਤੀ ਦਾ ਪ੍ਰਯੋਗ ਜਦੋਂ ਪਰਤੱਖ ਰੂਪ ਵਿਚ ਉਘੜ ਕੇ ਸਾਹਮਣੇ ਆਇਆ ਤਾਂ ਅਲਪ-ਮਤੀ ਡਰਪੋਕ ਲੋਕਾਂ ਨੂੰ ਸਹਸੇ ਉਪਜੇ। ਜੋਤਿ-ਜੁਗਤੀ ਤਾਂ ਉਹ ਪਹਿਲੇ ਵਾਲੀ ਹੀ ਸੀ, ਸਿਰਫ਼ ਕਾਇਆਂ ਨੇ ਸਮੇਂ ਦੀ ਲੋੜ ਅਨੁਸਾਰ ਤੌਰ ਭੌਰ ਹੀ ਬਦਲੇ ਸਨ, ਜੋ ਪਹਿਲਾਂ ਪੰਜ ਜੋਤਾਂ ਤਕ ਬੀਜ ਰੂਪ ਵਿਚ ਪੁੰਗਰਦੇ ਰਹੇ ਅਤੇ ਹੁਣ ਲੋੜ ਪੈਣ ਤੇ ਪ੍ਰਫੁਲਤ ਹੋ ਕੇ ਸਾਹਮਣੇ ਆ ਗਏ।

ਭਾਰਤੀ ਮਿਥਿਹਾਸ ਵਿਚ ਇਕ ਘਟਨਾ ਆਈ ਹੈ : ਵਿਸ਼ਵਾ ਮਿਤਰ ਰਿਸ਼ੀ ਤਪ ਕਰਦੇ ਹੁੰਦੇ ਸਨ ਕਿ ਕੁਝ ਸ਼ਰਾਰਤੀ ਅਨਸਰਾਂ ਨੇ ਉਹਨਾਂ ਦੇ ਤੱਪ ਵਿਚ ਵਿਘਨ ਪਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਆਪਣੀ ਰੱਖਿਆ ਲਈ ਰਾਜਾ ਦਸ਼ਰਥ ਨੂੰ ਬੇਨਤੀ ਕੀਤੀ। ਰਾਜਾ ਦਸ਼ਰਥ ਨੂੰ ਉਸਦੀ ਰਖਿਆ ਲਈ ਆਪਣੇ ਦੋ ਰਾਜਕੁਮਾਰਾਂ—ਸ੍ਰੀ ਰਾਮ ਚੰਦਰ ਜੀ ਤੇ ਲਛਮਣ ਜੀ ਨੂੰ ਕੁਝ ਸਮੇਂ ਲਈ ਭੇਜਣਾ ਪਿਆ। ਭਾਵ ਕਿ ਪੁਰਾਤਨ ਭਾਰਤ ਵਿਚ ਧਰਮੀ ਬੰਦਾ ਆਪਣੀ ਰੱਖਿਆ ਕਰਨ ਦੇ ਸਮਰੱਥ ਨਹੀਂ ਸੀ ਹੁੰਦਾ। ਇਹ ਇਕ ਬੜੀ ਭਾਰੀ ਕਮਜ਼ੋਰੀ ਸੀ, ਜਿਸਨੂੰ ਛਟਮ ਪੀਰ (ਗੁਰੂ ਨਾਨਕ ਪੀਰ) ਨੇ ਚੰਗੀ ਤਰ੍ਹਾਂ ਸਮਝ ਲਿਆ ਸੀ। ਉਹਨਾਂ ਨੇ ਇਹ ਨਿਸ਼ਚਾ ਕਰ ਲਿਆ ਸੀ ਕਿ ਹੁਣ ਸਮਾਂ ਆ ਗਿਆ ਹੈ ਜਦੋਂ ਹਰ ਧਾਰਮਕ ਬੰਦੇ ਨੂੰ ਧਰਮੀ ਬਣੇ ਰਹਿਣ ਲਈ ਆਪਣੇ ਜਾਨ ਮਾਲ ਦੀ ਰਾਖੀ ਕਰਨੀ ਚਾਹੀਦੀ ਹੈ।

ਇਸਤੋਂ ਅਗਲਾ ਕਦਮ ਇਹ ਸੀ ਕਿ ਹੁਣ ਧਰਮੀ ਪੁਰਸ਼ ਨਾ ਕੇਵਲ ਸਵੈ-ਰਖਿਆ ਕਰੇਗਾ ਸਗੋਂ ਉਹ ਮਜ਼ਲੂਮਾਂ ਦੀ ਰਾਖੀ ਭੀ ਕਰੇਗਾ ਤੇ ਜ਼ੁਲਮ ਵਿਰੁੱਧ ਸ਼ਸਤਰ ਭੀ ਉਠਾਏਗਾ। ਇਸ ਨਿਰਣੇ ਨੇ ਸਤਿਗੁਰਾਂ ਦੀ ਉਮਤ ਨੂੰ ਇਕ ਨਵਾਂ ਜੀਵਨ ਦਿੱਤਾ। ਸੱਚ ਤਾਂ ਇਹ ਹੈ ਕਿ ਇੰਜ ਕਰਨਾ ਗੁਰੂ ਨਾਨਕ ਸਾਹਿਬ ਦੇ ਉਪਦੇਸ਼ਾਂ ਅਨੁਕੂਲ ਹੀ ਸੀ। ਰਾਮਕਲੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਬ੍ਰਾਹਮਣ ਦੇ ਧਰਮੀ ਹੋਣ ਤੇ ਟਿਪਣੀ ਕਰਦੇ ਹੋਏ ਪੁਛਿਆ ਹੈ ਕਿ ਜਿਵੇਂ ਸਤਿ ਤੋਂ ਬਿਨਾਂ ਹਰ ਪ੍ਰਕਾਰ ਦਾ ਸੰਜਮ ਵਿਅਰਥ ਹੈ, ਤਿਵੇਂ ਪਤਿ ਤੋਂ ਬਿਨਾਂ ਪੂਜਾ ਦਾ ਭੀ ਕੋਈ ਲਾਭ ਨਹੀਂ :

ਪਤਿ ਵਿਣੁ ਪੂਜਾ, ਸਤ ਵਿਣੁ ਸੰਜਮੁ, ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ, ਸੁਚ ਵਿਣੁ ਸੋਚ ਨ ਹੋਈ ॥੬॥੧॥

(ਰਾਮਕਲੀ ਮ: ੧, ਪੰਨਾ ੯੦੩)

ਜੇ ਧਰਮੀ ਪੁਰਖ ਸਵੈਮਾਨ ਦਾ ਜੀਵਨ ਬਤੀਤ ਕਰਨ ਜੋਗਾ ਹੀ ਨਹੀਂ, ਉਸਦੇ ਧਰਮੀ ਬਣਨ ਦਾ ਕੀ ਲਾਭ ? ਧਰਮੀ ਪੁਰਖ ਦਾ ਜਿਥੇ ਵਿਵਹਾਰਿਕ ਜੀਵਨ ਸਾਫ ਸੁਥਰਾ ਹੋਵੇ, ਉਥੇ ਉਹ ਸਵੈਮਾਨ ਨਾਲ ਜਿਊਣ ਜੋਗਾ ਭੀ ਹੋਵੇ। ਗ਼ੁਲਾਮ ਭਾਰਤ ਵਿਚ ਅਨੇਕਾਂ ਸਾਧੂ ਮਹਾਤਮਾ ਸਨ, ਪਰ ਉਹ ਜਰਵਾਣਿਆਂ ਅਗੇ ਗਊਆਂ ਭੇਡਾਂ ਵਾਂਗ ਸਨ। ਜਾਪਦਾ ਹੈ ਜੈਨ ਧਰਮ ਦੇ ਅਹਿੰਸਾ ਦੇ ਪ੍ਰਚਾਰ ਨੇ ਭਾਰਤ ਦੇ ਧਰਮੀ ਲੋਕਾਂ ਨੂੰ ਬਿਲਕੁਲ ਹੀ ਨਿਪੁੰਸਕ ਬਣਾ ਦਿੱਤਾ ਹੋਇਆ ਸੀ। ਲੋਕਾਂ ਅੰਦਰ ਇਕ ਅਜਿਹੀ ਧਾਰਨਾ ਬਣ ਗਈ ਸੀ ਕਿ ਪਰਮਾਤਮਾ ਦੀ ਭਗਤੀ ਕਰਨ ਵਾਲੇ ਨੂੰ ਉੱਕਾ ਹੀ ਸ਼ਕਤੀ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ।

ਛੇਵੇਂ ਨਾਨਕ ਪੀਰ ਭਾਵੇਂ ਉਮਰ ਵਿਚ ੧੧ ਸਾਲ ਦੇ ਹੋਨਹਾਰ ਬਾਲਕ ਅਖਵਾਉਂਦੇ ਸਨ, ਪਰ ਉਹਨਾਂ



www.AKJ.Org

ਵਿਚ ਜੋਤਿ ਨਾਨਕ ਪੀਰ ਦੀ ਹੀ ਸੀ, ਜਿਸ ਦੀ ਉਮਰ ਆਦਿ ਜੁਗਾਦਿ ਸੀ। ਇਸ ਲਈ ਜੋ ਜੋ ਕਾਰਨਾਮੇ ਜਾਂ ਫ਼ੈਸਲੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਕੀਤੇ, ਉਹ ਨਾਨਕ ਜੋਤਿ ਦੇ ਹੀ ਫ਼ੈਸਲੇ ਸਨ। ਨਾਨਕ ਪੀਰ ਦੀ ਉਮਤ ਦਾ ਹੁਣ ਤਕ ਸਾਰਾ ਪਰਤੱਖ ਜ਼ੋਰ ਭਗਤੀ ਤੇ ਰਿਹਾ ਸੀ। ਹੁਣ ਸਮਾਂ ਆ ਗਿਆ ਕਿ ਭਗਤੀ ਦੀ ਰਾਖੀ ਲਈ ਸ਼ਕਤੀ ਦੀ ਵਰਤੋਂ ਕੀਤੀ ਜਾਏ। ਇਸ ਲਈ ਸੰਗਤਾਂ ਨੂੰ ਹੁਕਮਨਾਮੇ ਭੇਜੇ ਗਏ ਕਿ ਸ਼ਸਤਰ ਅਤੇ ਘੋੜੇ ਸਤਿਗੁਰੂ ਦੀ ਹਜ਼ੂਰੀ ਵਿਚ ਭੇਜੋ। ਨੌਜਵਾਨਾਂ ਨੂੰ ਗੁਰੂ ਕੀ ਫ਼ੌਜ ਵਿਚ ਭਰਤੀ ਹੋਣ ਲਈ ਵਿਸ਼ੇਸ਼ ਹੁਕਮਨਾਮੇ ਜਾਰੀ ਕੀਤੇ ਗਏ। ਕੁਝ ਥੋੜੇ ਜਿਹੇ ਸਮੇਂ ਵਿਚ ਹੀ ਸਤਿਗੁਰਾਂ ਤੋਂ ਜਾਨ ਕੁਰਬਾਨ ਕਰਨ ਵਾਲੇ ਗਭਰੂ, ਜੋ ਪੰਜਵੇਂ ਸਤਿਗੁਰਾਂ ਦੀ ਸ਼ਹੀਦੀ ਦੇ ਜ਼ੁਲਮ ਨੂੰ ਧੋਣ ਲਈ ਉਤਾਵਲੇ ਸਨ, ਆਣ ਗੁਰੂ ਕੀ ਨਵੀਂ ਫ਼ੌਜ ਵਿਚ ਭਰਤੀ ਹੋਏ। ਰੋਜ਼ ਮਸ਼ਕਾਂ ਤੇ ਕਵਾਇਦਾਂ ਲਗੀਆਂ ਹੋਣ। ਸ਼ਸਤਰ ਤੇ ਘੋੜੇ ਲਗੇ ਲਿਸ਼ ਲਿਸ਼ ਕਰਨ । ਸਤਿਗੁਰਾਂ ਦੀ ਨਵੀਨ ਰਹਿਣੀ ਬਹਿਣੀ ਪੰਜਵੇਂ ਸਤਿਗੁਰਾਂ ਦੇ ਸਿੱਖਾਂ ਨੂੰ ਕਿਸੇ ਡੂੰਘੇ ਸੰਸੇ ਵਿਚ ਲੈ ਗਈ। ਕੁਝ ਘੁਸਰ ਮੁਸਰ ਹੋਣ ਲਗ ਪਈ, ਜਿਸ ਨੂੰ ਭਾਈ ਗੁਰਦਾਸ ਜੀ ਨੇ ਆਪਣੀ ਕਾਵਿ ਕਲਾ ਦੇ ਰੂਪ ਵਿਚ ਇਉਂ ਵਰਣਨ ਕੀਤਾ ਹੈ :

ਧਰਮਸਾਲ ਕਰਿ ਬਹੀਦਾ, ਇਕਤ ਥਾਉਂ ਨ ਟਿਕੈ ਟਿਕਾਇਆ।
ਪਾਤਿਸਾਹ ਘਰਿ ਆਵਦੇ, ਗੜਿ ਚੜਿਆ ਪਾਤਿਸਾਹ ਚੜਾਇਆ।
ਉਮਤਿ ਮਹਲੁ ਨ ਪਾਵਦੀ, ਨਠਾ ਫਿਰੈ ਨ ਡਰੈ ਡਰਾਇਆ।
ਮੰਜੀ ਬਹਿ ਸੰਤੋਖਦਾ, ਕੁਤੇ ਰਖਿ ਸਿਕਾਰੁ ਖਿਲਾਇਆ।
ਬਾਣੀ ਕਰਿ ਸੁਣਿ ਗਾਂਵਦਾ, ਕਥੈ ਨ ਸੁਣੈ ਨ ਗਾਵਿ ਸੁਣਾਇਆ।
ਸੇਵਕ ਪਾਸ ਨ ਰਖੀਅਨਿ, ਦੋਖੀ ਦੁਸਟ ਆਗੂ ਮੁਹਿ ਲਾਇਆ।
ਸਚੁ ਨ ਲੁਕੈ ਲੁਕਾਇਆ, ਚਰਨ ਕਵਲ ਸਿਖ ਭਵਰ ਲੁਭਾਇਆ।
ਅਜਰੁ ਜਰੈ ਨ ਆਪੁ ਜਣਾਇਆ ॥੨੪॥ (ਭਾਈ ਗੁਰਦਾਸ ਜੀ, ਵਾਰ ੨੬, ਪਉੜੀ ੨੪)

ਭਾਈ ਸਾਹਿਬ ਆਪਣੀ ਉਪ੍ਰੋਕਤ ਪਉੜੀ ਵਿਚ ਉਸ ਸਮੇਂ ਦੇ ਸਿੱਖਾਂ ਵਿਚ ਸੰਸੇ ਭਰੇ ਵਿਚਾਰਾਂ ਦੀ ਤਸਵੀਰ ਪੇਸ਼ ਕਰਦੇ ਹਨ ਕਿ ਪਹਿਲੇ ਪੰਜੇ ਸਤਿਗੁਰੂ ਸਾਹਿਬਾਨ ਧਰਮਸਾਲਾ ਵਿਚ ਦੀਵਾਨ ਸਜਾ ਕੇ ਸੰਗਤਾਂ ਨੂੰ ਖੁਲ੍ਹੇ ਦਰਸ਼ਨ ਦੀਦਾਰੇ ਬਖਸ਼ਦੇ ਸਨ। ਗੁਰਬਾਣੀ ਰਚਦੇ ਸਨ; ਕੀਰਤਨ ਕਰਦੇ ਜਾਂ ਸੁਣਦੇ ਸਨ; ਪਰ ਛੇਵੇਂ ਸਤਿਗੁਰੂ ਜੀ ਸੰਗਤਾਂ ਨੂੰ ਘੱਟ ਮਿਲਦੇ ਹਨ, ਇਕ ਥਾਂ ਤੇ ਟਿਕ ਕੇ ਨਹੀਂ ਰਹਿੰਦੇ। ਪਹਿਲੇ ਪੰਜੇ ਸਤਿਗੁਰੂ ਸਾਹਿਬਾਨ ਨੇ ਕਦੀ ਸ਼ਿਕਾਰ ਨਹੀਂ ਸੀ ਖੇਡਿਆ, ਨਾ ਕਦੀ ਕੁੱਤੇ ਰੱਖੇ ਸਨ, ਪਰ ਬਾਲਾ ਸਤਿਗੁਰੂ ਜੀ ਦੇ ਅਜਬ ਹੀ ਕੌਤਕ ਹਨ ਕਿ ਉਹ ਅਮੀਰਾਂ ਵਾਲੀ ਪੋਸ਼ਾਕ ਪਹਿਨ ਕੇ ਜਾਂ ਸ਼ਿਕਾਰੀਆਂ ਵਾਲਾ ਲਿਬਾਸ ਪਹਿਨ ਕੇ ਸ਼ਿਕਾਰੀ ਕੁੱਤੇ ਨਾਲ ਲੈ ਕੇ ਸ਼ਿਕਾਰ ਖੇਡਣ ਤੁਰ ਪੈਂਦੇ ਹਨ। ਕੀ ਸੰਗਤਾਂ ਨੂੰ ਉਪਦੇਸ਼ ਦੇਣ ਨਾਲੋਂ ਸ਼ਿਕਾਰ ਖੇਡਣਾ (ਆਖੇੜ ਬਿਰਤਿ) ਜ਼ਿਆਦਾ ਜ਼ਰੂਰੀ ਹੈ ? ਪਹਿਲੇ ਸਤਿਗੁਰਾਂ ਦੀ ਸੇਵਾ ਵਿਚ ਨਿਰੋਲ ਸੱਚੇ ਸੁੱਚੇ ਸੇਵਾਦਾਰ ਰਹਿੰਦੇ ਸਨ, ਪਰ ਨਵੇਂ ਨਵੇਂ ਬਣੇ ਬਾਲਾ ਪ੍ਰੀਤਮ ਜੀ ਦੇ ਚੋਜ ਹੀ ਨਿਆਰੇ ਹਨ। ਉਹਨਾਂ ਪਾਸ ਉਹ ਲੋਕ ਆ ਕੇ ਫ਼ੌਜ ਵਿਚ ਭਰਤੀ ਹੋ ਰਹੇ ਸਨ ਜਿਹਨਾਂ ਦੇ ਸ਼ੁਭ ਆਚਰਨ ਤੇ ਸਿੱਖ ਸਮਾਜ ਨੂੰ ਕਿੰਤੂ ਸੀ (ਭਾਈ ਬਿਧੀ ਚੰਦ ਵਰਗੇ) ਜਾਂ ਉਹ ਲੋਕ ਭਰਤੀ ਹੋ ਰਹੇ ਸਨ ਜੋ ਮੁਗ਼ਲ ਫ਼ੌਜ ਵਿਚੋਂ ਕਢੇ ਹੋਏ ਸਨ। ਇਹੋ ਜਿਹੇ ਦੁਸ਼ਟਾਂ ਦੋਖੀਆਂ ਨੂੰ ਗੁਰਦੇਵ ਮੂੰਹ ਲਾ ਰਹੇ ਸਨ। ਕੀ ਉਹ ਸਾਦ-ਮੁਰਾਦੇ ਸੇਵਕਾਂ ਨਾਲੋਂ ਚੰਗੇ ਹੋ ਸਕਦੇ ਹਨ ? ਪਰ ਭਾਈ ਗੁਰਦਾਸ ਜੀ ਸਿੱਖਾਂ ਨੂੰ ਸਮਝਾ ਰਹੇ ਹਨ ਕਿ ਸੱਚ ਕਦੀ ਲੁਕਦਾ ਨਹੀਂ ਹੁੰਦਾ। ਗੁਰੂ ਤੇ ਸ਼ੰਕਾ ਕਰਨਾ ਉਚਿਤ ਨਹੀਂ, ਸਿੱਖ ਨੂੰ ਤਾਂ ਗੁਰੂ ਦੇ ਚਰਨ ਕੰਵਲਾਂ ਦੇ ਭਉਰੇ ਵਾਂਗ ਸਿਦਕੀ ਆਸ਼ਕ ਬਣਨਾ ਚਾਹੀਦਾ ਹੈ।

ਇਕ ਹੋਰ ਥਾਂ ਵੀ ਭਾਈ ਗੁਰਦਾਸ ਜੀ ਨੇ ਸਿੱਖ ਸੰਗਤਾਂ ਨੂੰ ਇਸੇ ਸੰਦਰਭ ਵਿਚ ਕਿਹਾ ਹੈ :—

ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ ॥੨੦॥ (ਭਾਈ ਗੁਰਦਾਸ ਜੀ, ਵਾਰ ੩੫/੨੦)



www.AKJ.Org

ਦਰ-ਅਸਲ ਗੁਰੂ ਨਾਨਕ-ਨਾਮ-ਲੇਵਾ ਉੱਮਤ ਨੇ ਹੁਣ ਤਕ ਨਾਨਕ ਪੀਰ ਦੇ ਰਸਕ ਬੈਰਾਗੀ ਸਰੂਪ ਦੇ ਹੀ ਦਰਸ਼ਨ ਕੀਤੇ ਸਨ। ਉਨ੍ਹਾਂ ਦੀਆਂ ਨਜ਼ਰਾਂ ਵਿਚ ਦੁਨਿਆਵੀ ਅਮੀਰਾਂ ਦੀ ਦੁਨਿਆਵੀ ਸ਼ਾਨ ਸ਼ੌਕਤ ਨਾਸ਼ਮਾਨ ਤੇ ਤੁੱਛ ਸੀ। ਉਹ ਕਦੀ ਅਨੁਮਾਨ ਹੀ ਨਹੀਂ ਸੀ ਲਗਾ ਸਕਦੇ ਕਿ ਉਨ੍ਹਾਂ ਦੇ ਸਚੇ ਪਾਤਸ਼ਾਹ ਭੀ ਲੋੜ ਪੈਣ ਤੇ ਇਹ ਸ਼ਾਨ ਸ਼ੌਕਤ ਦਾ ਪਹਿਰਾਵਾ ਵੀ ਪਹਿਨਣਗੇ। ਉਨ੍ਹਾਂ ਸਮਿਆਂ ਦੇ ਮੀਰ ਸ਼ਸਤਰ-ਧਾਰੀ ਹੁੰਦੇ ਸਨ। ਮੀਰ ਹਮੇਸ਼ਾ ਘੋੜੇ ਤੇ ਸਵਾਰ ਹੋ ਕੇ ਕਿਤੇ ਜਾਂਦੇ ਸਨ, ਪਰ ਪੀਰ ਨੂੰ ਪਾਲਕੀ ਵਿਚ ਬਿਠਾ ਕੇ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਦਾ ਰਿਵਾਜ ਸੀ। ਮੀਰ ਲਈ ਸ਼ਿਕਾਰੀ ਕੁੱਤੇ ਤੇ ਬਾਜ਼ ਰਖਣਾ ਉਨ੍ਹਾਂ ਦੀ ਮਾਨ-ਮਰਯਾਦਾ ਦਾ ਚਿੰਨ੍ਹ ਸੀ। ਕੇਂਦਰੀ ਸਰਕਾਰ ਦੇ ਹੁਕਮ ਨਾਲ ਮੀਰ ਨੂੰ ਨਿਸਚਿਤ ਫ਼ੌਜ ਰਖਣੀ ਪੈਂਦੀ ਸੀ। ਜਿਸ ਦੇ ਖ਼ਰਚ-ਪਠੇ ਵਜੋਂ ਉਸਨੂੰ ਵਡੀ ਸਾਰੀ ਜਾਂਗੀਰ ਦਿੱਤੀ ਜਾਂਦੀ ਸੀ। ਉਹ ਹੀ ਉਸ ਇਲਾਕੇ ਵਿਚ ਅਮਨ ਅਮਾਨ ਕਾਇਮ ਰਖਣ ਦਾ ਪੂਰੀ ਤਰ੍ਹਾਂ ਜ਼ਿਮੇਵਾਰ ਹੁੰਦਾ ਸੀ। ਇਕ ਤਰ੍ਹਾਂ ਨਾਲ ਮੀਰ ਆਪਣੇ ਇਲਾਕੇ ਦਾ ਸ਼ਾਹੀ ਨੁਮਾਇੰਦਾ ਹੁੰਦਾ ਸੀ। ਉਸਨੂੰ ਨਵਾਬ ਜਾਂ ਫ਼ੌਜਦਾਰ ਕਿਹਾ ਜਾਂਦਾ ਸੀ।

ਪਰ ਛੇਵੇਂ ਸਤਿਗੁਰ ਜੀ ਕੂੜੇ ਮੁਗਲ ਬਾਦਸ਼ਾਹ ਦੇ ਅਮੀਰ ਨਹੀਂ ਸਨ। ਉਹ ਤਾਂ ਸੱਚੇ ਅਕਾਲ ਪੁਰਖ ਦੇ ਸੱਚੇ ਮੀਰ ਸਨ। ਉਨ੍ਹਾਂ ਧਰਮ ਪ੍ਰਚਾਰ ਤੇ ਧਰਮ-ਯੁਧ ਲਈ ਅਕਾਲੀ ਫ਼ੌਜ ਬਣਾਈ। ਮੀਰਾਂ ਵਾਲਾ ਵੇਸ-ਭੇਸ ਇਸ ਲਈ ਧਾਰਨ ਕੀਤਾ ਕਿ ਗੁਰੂ ਅਰਜਨ ਦੇਵ ਜੀ ਦੀ ਸਜਰੀ ਸਜਰੀ ਸ਼ਹੀਦੀ ਕਾਰਨ ਭੈ-ਭੀਤ ਹੋਏ ਮਨਾਂ ਨੂੰ ਉਸ ਭੈ ਦੀ ਦਸ਼ਾ ਵਿਚੋਂ ਕਢਿਆ ਜਾ ਸਕੇ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਅਗੇ ਤਾਂ ਜਹਾਂਗੀਰ ਬਾਦਸ਼ਾਹ ਨੂੰ ਗੁਰੂ ਅਰਜਨ ਦੇਵ ਪੀਰ ਦੀ ਮਨਮੋਹਣੀ ਹਸਤੀ ਦੇਖ ਨਹੀਂ ਸੀ ਸੁਖਾਂਦੀ, ਪਰ ਉਹੀ ਜਹਾਂਗੀਰ ਹੁਣ ਗੁਰੂ ਹਰਿਗੋਬਿੰਦ ਜੀ ਨੂੰ ਪੂਰਨ ਪੀਰ ਤੇ ਪੂਰਨ ਮੀਰ ਦੇ ਰੂਪ ਵਿਚ ਵਿਚਰਦੇ ਕੁਝ ਨਹੀਂ ਸੀ ਕਹਿੰਦਾ, ਸਗੋਂ ਮਿਤਰਾਈ ਭਾਲਦਾ ਹੈ।

ਸਿੱਖ ਸੰਗਤਾਂ ਵਿਚ ਸਤਿਗੁਰਾਂ ਵਲੋਂ ਮੀਰੀ ਦੇ ਐਲਾਨ ਦਾ ਸ਼ੁਰੂ ਸ਼ੁਰੂ ਵਿਚ ਨਿਘਾ ਸੁਆਗਤ ਇਸ ਲਈ ਭੀ ਨਹੀਂ ਹੋਇਆ ਕਿਉਂਕਿ ਉਨ੍ਹਾਂ ਨੂੰ ਅਜੇ ਕੁਝ ਡਰ ਸੀ ਕਿ ਕਿਤੇ ਜਹਾਂਗੀਰ ਉਨ੍ਹਾਂ ਦੇ ਪਿਆਰੇ ਬਾਲਾ ਸਤਿਗੁਰੂ ਜੀ ਨੂੰ ਭੀ ਉਨ੍ਹਾਂ ਦੇ ਪਿਤਾ ਵਾਂਗ ਸ਼ਹੀਦ ਨਾ ਕਰ ਦੇਵੇ। ਪਰ ਮੀਰੀ ਪੀਰੀ ਦੇ ਮਾਲਕ ਦੀ ਦ੍ਰਿਬ-ਦ੍ਰਿਸ਼ਟੀ ਤਾਂ ਦੂਰ ਦੀ ਸੋਚ ਰਹੀ ਸੀ। ਜਿਸ ਕੌਮ ਨੇ 'ਖਾਲਸਾ' ਬਣਨਾ ਹੈ, ਉਸਨੂੰ ਕੁਠਾਲੀ ਵਿਚ ਪਾ ਕੇ ਤਾਅ ਦੇਣਾ ਜ਼ਰੂਰੀ ਹੈ। ਜਿਸ ਜਿਸ ਨੂੰ ਅਕਾਲ ਪੁਰਖ ਨੇ ਆਪਣੀ ਚਮਤਕਾਰੀ ਹਸਤੀ ਦੀ ਛੁਹ ਬਖਸ਼ੀ ਹੈ, ਉਹ ਉਹ ਪੁਰਖ ਸਦਾ ਲਈ ਨਿਰਭੈ ਹੋ ਗਿਆ। ਉਸਨੂੰ ਦੁਨੀਆ ਦੀ ਕੋਈ ਤਾਕਤ ਡਰਾ ਧਮਕਾ ਨਹੀਂ ਸਕਦੀ।

ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥੨॥ (ਬਿਲਾਵਲੁ ਮਹਲਾ ੫, ਪੰਨਾ ੮੦੯-੧੦)

ਪੰਜਵੇਂ ਸਤਿਗੁਰਾਂ ਤਕ 'ਏਕਾ ਨਿਰਭਉ' ਦਾ ਉਪਦੇਸ਼ ਹੁੰਦਾ ਆਇਆ ਸੀ, ਪਰ ਅਜ਼ਮਾਇਸ਼ ਹੁਣ ਹੋਈ ਕਿ 'ਜਿਸ ਦਾ ਸਾਹਿਬੁ ਡਾਢਾ ਹੋਇ' ਤਾਂ ਕੀ, ਉਸਨੂੰ ਕੋਈ ਮਾਰ ਸਕਦਾ ਹੈ ? ਨਹੀਂ, ਸਰੀਰ ਦੇ ਨਾਸ ਹੋਣ ਨੂੰ ਗੁਰਮਤਿ ਮੌਤ ਨਹੀਂ ਮੰਨਦੀ। ਮਨੁੱਖ ਦੇ ਜਨਮ ਮਰਨ ਦੇ ਕਾਲ-ਚਕਰ ਵਿਚ ਨਿਤ ਪਿਸਦੇ ਰਹਿਣਾ, ਮੌਤ ਹੈ। ਸਾਹ ਲੈਣਾ ਜੀਉਣਾ ਨਹੀਂ, ਵਾਹਿਗੁਰੂ ਦੀ ਯਾਦ ਵਿਚ ਜੁੜਨਾ ਜੀਵਨ ਹੈ।

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥੧॥੮੦॥

(ਮ: ੧ ਸਲੋਕੁ ਵਾਰ ਮਾਝ, ਪੰਨਾ ੧੪੨)

ਜੇ ਉਸ ਸਮੇਂ ਕਿਸੇ ਸਿੱਖ ਨੂੰ ਸ਼ਹੀਦ ਕੀਤਾ ਜਾਂਦਾ ਤਾਂ ਗੱਲ ਕੁਝ ਹੋਰ ਹੁੰਦੀ, ਪਰ ਗੁਰੂ ਅਰਜਨ ਦੇਵ ਜੀ ਵਰਗੀ ਮਹਾਨ ਹਸਤੀ ਨੂੰ ਸ਼ਹੀਦ ਕਰਨਾ ਆਪਣੇ ਸਮੇਂ ਦੀ ਇਕ ਮਹਾਨ ਦਿਲ-ਕੰਬਾਊ ਘਟਨਾ ਸੀ। ਸ਼ਹੀਦ ਗੁਰੂ ਜੀ ਨੇ ਨਿਰਭੈ ਹੋ ਕੇ ਮੌਤ ਨੂੰ ਅਕਾਲ ਪੁਰਖ ਦਾ ਹੁਕਮ ਮੰਨਿਆ ਤੇ ਇਹ ਉਪਦੇਸ਼ ਦਿਤਾ ਕਿ ਉਸ ਵਾਹਿਗੁਰੂ ਜੀ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਨਾ-ਕੇਵਲ ਸਿੱਖ ਲਈ ਲਾਜ਼ਮੀ ਹੈ, ਬਲਕਿ ਨਾਨਕ ਜੋਤਿ ਭੀ ਇਸ ਅਕਾਲੀ


www.AKJ.Org

ਹੁਕਮ ਅਗੇ ਖਿੜੇ ਮੱਥੇ ਸਿਰ ਝੁਕਾਂਦੀ ਹੈ।

ਗੁਰੂ ਅਰਜਨ ਸਾਹਿਬ ਤਕ ਗੁਰੂ ਜੋਤਿ ਦੇ ਇਕ ਸਦੀ ਦੇ ਪ੍ਰਚਾਰ ਸਦਕਾ ਜੋ ਕੌਮ ਤਿਆਰ ਹੋਈ, ਉਸ ਦਾ ਸਰੂਪ ਭਗਤੀ ਵਾਲਾ ਸੀ, ਪਰਉਪਕਾਰ ਦਾ ਸੀ, ਕੁਰਬਾਨੀ ਦਾ ਸੀ, ਪਰ ਇਹ ਨਹੀਂ ਪਤਾ ਸੀ ਕਿ ਕੌਮ ਲਈ ਜਾਂ ਗੁਰੂ ਲਈ ਕਦੀ ਕਿਸੇ ਨੂੰ ਜਾਨ ਤਕ ਕੁਰਬਾਨ ਕਰਨ ਦੀ ਨੌਬਤ ਆ ਜਾਵੇਗੀ।

ਛੇਵੇਂ ਸਤਿਗੁਰਾਂ ਨਾਲ ਨਵਾਂ ਯੁਗ ਸ਼ੁਰੂ ਹੁੰਦਾ ਹੈ। ਅਗਲੇ ੧੦੦ ਸਾਲ ਦਾ ਸਮਾਂ ਮੀਰੀ ਪੀਰੀ ਦੀ ਕਮਾਨ ਹੇਠ ਸਤਿਗੁਰਾਂ ਨੇ ਸਿੱਖਾਂ ਨੂੰ ਭਗਤੀ ਦੇ ਨਾਲ ਨਾਲ ਸ਼ਕਤੀ ਲਈ ਭੀ ਤਿਆਰ ਕੀਤਾ। ਆਪ ਦੇ ਸਾਹਮਣੇ ਪ੍ਰਸ਼ਨ ਇਹ ਸੀ ਕਿ ਕੀ ਨਾਨਕ ਜੋਤਿ, ਵੇਲੇ ਦੀ ਹਕੂਮਤ ਦੇ ਅਤਿਆਚਾਰ ਅਗੇ ਸਿਰ ਝੁਕਾ ਦੇਵੇ ? ਜੇ ਨਹੀਂ ਤਾਂ ਕੀ ਕਰਨਾ ਉਚਿਤ ਹੈ ?

ਮੀਰੀ ਪੀਰੀ ਦੇ ਮਾਲਕ ਦਾ ਫ਼ੈਸਲਾ ਇਹੋ ਸੀ ਕਿ ਨਾਨਕ ਜੋਤਿ ਹਕੂਮਤ ਦੀ ਧਕੇਸ਼ਾਹੀ ਅਗੇ ਨਹੀਂ ਝੁਕ ਸਕਦੀ ਤੇ ਨਾ ਹੀ ਸੰਸਾਰ ਦੇ ਕੂੜ ਮੂੜ ਦੇ ਰਾਜੇ ਸਿਕਦਾਰਾਂ ਤੋਂ ਨਾਨਕ ਜੋਤਿ ਨੇ ਕਦੀ ਭੈ ਖਾਧਾ ਹੈ। ਅਜਿਹੀ ਸਥਿਤੀ ਵਿਚ ਅਕਾਲ ਪੁਰਖ ਦੇ ਮੀਰ ਦੀ ਸੰਸਾਰੀ ਮੀਰ ਨਾਲ ਕਿਸੇ ਨਾ ਕਿਸੇ ਸਮੇਂ ਭੀ ਟੱਕਰ ਹੋਣ ਦੀ ਸੰਭਾਵਨਾ ਸੀ।

ਮੀਰ ਤੇ ਪੀਰ ਦੇ ਖੇਤਰ ਅੜੋ ਅੱਡ ਹਨ। ਉਨ੍ਹਾਂ ਦੇ ਦ੍ਰਿਸ਼ਟੀਕੋਣ ਅੜੋ ਅੱਡ ਹਨ। ਦੁਨਿਆਵੀ ਮੀਰ ਸੰਸਾਰੀ ਹੁੰਦਾ ਹੈ। ਉਸ ਅੰਦਰ ਨਾਸ਼ਮਾਨ ਸੰਸਾਰ ਦੀ ਹਰ ਸ਼ੈ ਨਾਲ ਮੋਹ ਪਾਉਣਾ ਸੁਭਾਵਕ ਹੁੰਦਾ ਹੈ। ਧਨ ਜੋੜਨਾ, ਮੁਲਕ ਜਿਤਣੇ, ਤੇ ਵਧ ਤੋਂ ਵਧ ਲੋਕਾਂ ਨੂੰ ਆਪਣੇ ਵਧਦੇ ਹੋਏ ਪ੍ਰਤਾਪ ਨਾਲ ਭੈਭੀਤ ਕਰਨਾ, ਇਹ ਮੀਰ ਦੇ ਗੁਣ ਸਮਝੇ ਜਾਂਦੇ ਸਨ। ਪਰ ਅਕਾਲ ਪੁਰਖ ਦੇ ਮੀਰ ਅੰਦਰ ਨਾਸ਼ਮਾਨ ਸੰਸਾਰ ਵਿਚ ਰਹਿੰਦੇ ਹੋਏ ਭੀ ਇਸ ਦੀ ਪਕੜ ਤੋਂ ਉਪਰ ਰਹਿਣਾ, ਨਾ ਡਰਨਾ ਤੇ ਨਾ ਡਰਾਉਣਾ, ਨਿਮਰਤਾ, ਸਾਦਗੀ ਤੇ ਸਦਾ ਅਕਾਲ ਪੁਰਖ ਦੀ ਹੋਂਦ-ਹਜ਼ੂਰੀ ਵਿਚ ਹੁਕਮ ਅੰਦਰ ਵਿਚਰਨਾ ਮੀਰੀ ਪੀਰੀ ਦਾ ਆਦਰਸ਼ ਹੈ।

ਮੀਰ ਦਾ ਨਿਸ਼ਾਨਾ ਹਉਮੈ ਵਿਚ ਬਫਣਾ ਹੈ, ਪੀਰ ਹਉਮੈ ਨੂੰ ਰੋਗ ਸਮਝਦਾ ਹੈ। ਉਹ ਆਪ ਭੀ ਰੋਗ ਰਹਿਤ ਹੁੰਦਾ ਹੈ ਤੇ ਹੋਰਨਾਂ ਨੂੰ ਇਸ ਮਾਰੂ ਰੋਗ ਤੋਂ ਛੁਟਕਾਰਾ ਪਾਉਣ ਲਈ ਤਿਆਰ ਕਰਦਾ ਹੈ। ਮੀਰ ਦੀ ਸਾਰੀ ਖੇਡ ਪੰਜਾਂ ਵਿਕਾਰਾਂ ਦੇ ਅਧੀਨ ਹੀ ਹੁੰਦੀ ਹੈ, ਪਰ ਪੀਰ ਨੇ ਪੰਜੇ ਵਿਕਾਰ ਵਸ ਵਿਚ ਕੀਤੇ ਹੁੰਦੇ ਹਨ। ਮੀਰ ਮਾਇਆਧਾਰੀ ਹੁੰਦਾ ਹੈ, ਪੀਰ ਸਦਾ ਆਤਮਧਾਰੀ ਰਹਿੰਦਾ ਹੈ। ਮੀਰ ਅਯਾਸ਼ ਤੇ ਸ਼ੋਸ਼ਣਕਾਰੀ ਹੁੰਦਾ ਹੈ, ਪੀਰ ਪਰਹੇਜ਼ਗਾਰ ਤੇ ਪਰਉਪਕਾਰੀ ਹੁੰਦਾ ਹੈ। ਦੋਹਾਂ ਦੀਆਂ ਸੀਮਾਵਾਂ ਵਖ ਹਨ, ਦੋਹਾਂ ਦੇ ਖੇਤਰ ਵਖ ਹਨ। ਦੋਹਾਂ ਦੀਆਂ ਮੰਜ਼ਲਾਂ ਵਖ ਹਨ। ਮੀਰ ਦੁਨਿਆਵੀ ਹੀ ਰਹਿੰਦਾ ਹੈ, ਇਸ ਤੋਂ ਕਦੀ ਉਪਰ ਨਹੀਂ ਉਠ ਸਕਿਆ। **ਪਰ ਨਾਨਕ ਜੋਤਿ ਨੇ ਮੀਰੀ ਪੀਰੀ ਦਾ ਸਿੱਕਾ ਚਲਾ ਕੇ ਰਾਜ-ਜੋਗ ਦਾ ਸੁਮੇਲ ਕੀਤਾ। ਉਹ ਸਚੇ ਸੁਚੇ ਮੀਰ ਬਣ ਕੇ ਭੀ ਵਿਚਰੇ ਤੇ ਪੀਰੀ ਉਨ੍ਹਾਂ ਦਾ ਅਸਲ ਰੂਪ ਸੀ। ਉਨ੍ਹਾਂ ਰਾਜ ਵਿਚ ਜੋਗ ਕਮਾ ਕੇ ਨਵੀਂ ਸੇਧ ਕਾਇਮ ਕੀਤਾ।**

'ਬਾਬੇ ਕਿਆਂ' ਤੇ 'ਬਾਬਰ ਕਿਆਂ' ਵਿਚਕਾਰ ਟਕਰਾਉ ਦੀ ਸੰਭਾਵਨਾ ਮੁੱਢ ਤੋਂ ਹੀ ਬੀਜ ਰੂਪ ਵਿਚ ਅਣਦਿਸਦੀ ਮੌਜੂਦ ਸੀ। ਇਸ ਦੀ ਪ੍ਰੌੜ੍ਹਤਾ ਡਾਕਟਰ ਗੋਕਲ ਚੰਦ ਨਾਰੰਗ ਨੇ ਭੀ ਆਪਣੀ ਪੁਸਤਕ ਟ੍ਰਾਂਸਫ਼ਰਮੇਸ਼ਨ ਆਫ਼ ਸਿਖਜ਼ਿਮ ਵਿਚ ਕੀਤੀ ਹੈ।

ਮੀਰ ਤੇ ਪੀਰ ਵਿਚਕਾਰ ਵੱਡਾ ਖੱਪਾ ਹੁੰਦਾ ਹੈ।

"ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥੧੬॥ (੧੪੫)

ਇਸ ਟਕਰਾਉ ਵਿਚ ਕੌਣ ਜਿਤਿਆ ? ਮੀਰ ਦੀ ਜਿਤ ਰਾਜਸੀ ਹੁੰਦਾ ਹੈ, ਪੀਰ ਦੀ ਜਿਤ ਅਧਿਆਤਮਕ ਹੁੰਦੀ ਹੈ। ਮੀਰ ਦਾ ਰਾਜ ਖ਼ਤਮ ਹੋ ਜਾਂਦਾ ਹੈ, ਪਰ ਨਾਨਕ ਪੀਰ ਦੀ ਪ੍ਰਭੂ-ਸੱਤਾ ਸਦੀਵਕਾਲ ਕਾਇਮ ਰਹਿਣੀ ਹੈ। ਮੀਰ ਨੂੰ ਭੁਲੇਖਾ ਸੀ ਕਿ ਪੀਰ ਨੂੰ ਸਰੀਰਕ ਤੌਰ ਤੇ ਖ਼ਤਮ ਕਰਨ ਨਾਲ ਉਹ ਜਿਤ ਜਾਏਗਾ। ਪੀਰ ਦਾ



www.AKJ.Org

'ਸਰੀਰ' ਪੀਰ ਨਹੀਂ ਹੈ, ਉਸ ਦੀ ਬਾਣੀ ਪੀਰ ਹੈ। ਇਸ ਲਈ ਮੀਰ ਹਾਰ ਗਿਆ। ਪੀਰ ਦੀ ਜਿਤ ਹੋਈ।

ਗੁਰੂ ਹਰਿਗੋਬਿੰਦ ਜੀ ਨੇ ੧੬੦੬ ਈਸਵੀ ਵਿਚ ਗੁਰਗੱਦੀ ਤੇ ਬਿਰਾਜਦਿਆਂ ਹੀ ਜੋ ਕੰਮ ਆਰੰਭੇ, ਉਸ ਤੋਂ ਆਪ ਦੀ ਨਿਰਭੈਤਾ ਦੇ ਦਰਸ਼ਨ ਹੁੰਦੇ ਹਨ। ਕਿਥੇ ਹਿੰਦੂ ਸੰਤਾਂ ਮਹਾਤਮਾਂ ਲਈ ਡੇਢ ਫੁੱਟ ਉਚਾ ਆਸਣ ਜਾਂ ਮੰਜੀ, ਜਿਸ ਦੀ ਵੇਲੇ ਦੀ ਮੁਗ਼ਲ ਸਰਕਾਰ ਮਸਾਂ ਆਗਿਆ ਦਿੰਦੀ ਸੀ, ਅਤੇ ਕਿਥੇ ਸਤਿਗੁਰਾਂ ਵਲੋਂ ਉਸਾਰਿਆ ਗਿਆ ੮-੧੦ ਫ਼ੁੱਟ ਉਚਾ ਸ੍ਰੀ ਅਕਾਲ ਤਖ਼ਤ। ਇਹ ਸਿੱਧ ਕਰਦਾ ਹੈ ਕਿ ਨਾਨਕ ਮੀਰ ਹੁਣ ਤਖ਼ਤ ਸਜਾ ਕੇ ਦੀਵਾਨ ਲਗਾਏਗਾ, ਦਰਬਾਰ ਲਗਾਏਗਾ, ਕਿਉਂਕਿ ਉਹ ਮੁਗ਼ਲ ਸ਼ਹਿਨਸ਼ਾਹ ਦੇ ਅਧੀਨ ਨਹੀਂ ਹੈ। ਉਸਦੀ ਪ੍ਰਭੂ-ਸਤਾ ਦਾ ਸੋਮਾ ਹੋਰ ਹੈ। ਇਹ ਤਖ਼ਤ ਅਕਾਲ ਪੁਰਖ ਦਾ ਹੈ, ਜਿਸ ਬਾਰੇ ਗੁਰਬਾਣੀ ਵਿਚ ਭੀ ਸੰਕੇਤ ਕੀਤਾ ਗਿਆ ਹੈ :—

ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ ॥
ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ ॥੧੬॥ (ਰਾਮਕਲੀ ਕੀ ਵਾਰ ਮ: ੫, ਪੰਨਾ ੯੬੪)

ਸ਼ਾਇਦ ਦੁਨਿਆਵੀ ਮੀਰ ਨੂੰ ਇਸ ਗੱਲ ਦਾ ਕੋਈ ਪਤਾ ਨਹੀਂ ਸੀ ਕਿ ਨਾਨਕ ਮੀਰ ਉਸ ਸੱਚੇ ਤਖ਼ਤ ਦੇ ਮਾਲਕ ਦਾ ਹੀ ਸਰੂਪ ਹੈ। ਉਸ ਨੇ ਬਾਲ: ਮੀਰ ਨੂੰ ਡਰਾਉਣ ਧਮਕਾਉਣ ਲਈ ਗਵਾਲੀਅਰ ਵਿਚ ਨਜ਼ਰਬੰਦ ਕਰ ਦਿੱਤਾ। ਪੁਰਾਣੇ ਇਤਿਹਾਸਕਾਰ ਇਸ ਨਜ਼ਰਬੰਦੀ ਦਾ ਸਮਾਂ ੧੨ ਸਾਲ ਲਿਖਦੇ ਹਨ, ਪਰ ਨਵੀਨ ਖੋਜ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਇਹ ਨਜ਼ਰਬੰਦੀ ੬ ਮਹੀਨਿਆਂ ਤੋਂ ਵੱਧ ਨਹੀਂ ਸੀ।

ਜਹਾਂਗੀਰ ਦਾ ਖ਼ਿਆਲ ਸੀ ਕਿ ਬਾਲਕ ਸਤਿਗੁਰੂ ਡਰ ਜਾਣਗੇ। ਉਨ੍ਹਾਂ ਡਰਨਾ ਤਾਂ ਕੀ ਸੀ, ਸਗੋਂ ਉਸ ਨਜ਼ਰਬੰਦੀ ਤੋਂ ਉਨ੍ਹਾਂ ਨੇ ਹੋਰ ਅਨੇਕਾਂ ਰਾਜਿਆਂ ਦੀ ਭੀ ਬੰਦਖਲਾਸੀ ਕਰਾਈ। ਮੌਜੂਦਾ ਇਤਿਹਾਸਕਾਰਾਂ ਲਈ ਇਹ ਬੁਝਾਰਤ ਜਿਹੀ ਬਣੀ ਹੋਈ ਹੈ ਕਿ ਜੋ ਜਹਾਂਗੀਰ ਤੁਜ਼ਕੇ ਜਹਾਂਗੀਰੀ ਵਿਚ ਨਾਨਕ ਪੀਰ ਦੀ ਕੂੜ ਦੀ ਦੁਕਾਨ ਸਦਾ ਲਈ ਬੰਦ ਕਰ ਦੇਣ ਦੇ ਦਮਗਜੇ ਮਾਰਦਾ ਸੀ, ਉਸਨੇ ਕਿਵੇਂ ਪੰਜਵੇਂ ਸਤਿਗੁਰਾਂ ਦੀ ਸ਼ਹੀਦੀ ਤੋਂ ਪਿਛੋਂ ਇਸ੍ਹ ਦੁਕਾਨ ਨੂੰ ਚਲਣ ਦਿੱਤਾ। ਸਗੋਂ ਇਸ ਦੁਕਾਨ ਦੀ ਸ਼ੁਹਰਤ ਵਿਚ ਅਗੇ ਨਾਲੋਂ ਹੋਰ ਭੀ ਕਈ ਗੁਣਾ ਵਾਧਾ ਹੋਇਆ। ਅਗੇ ਇਸ ਦੁਕਾਨ ਦਾ ਇਕੋ (ਭਗਤੀ) ਪੱਖ ਸੀ। ਪਰ ਹੁਣ ਇਸ ਦੁਕਾਨ ਦੇ (ਭਗਤੀ ਤੇ ਸ਼ਕਤੀ) ਦੋ ਪੱਖ ਹੋ ਗਏ। ਅਗੇ ਇਸ ਹੱਟੀ ਤੇ ਜ਼ਾਹਰਾ ਤੌਰ ਤੇ ਸੱਚੇ ਨਾਮ ਦਾ ਵਪਾਰ ਹੀ ਹੁੰਦਾ ਸੀ, ਪਰ ਹੁਣ ਉਸੇ ਹੱਟੀ ਤੇ ਵਣਜਾਰੇ ਸਿੱਖ, ਪ੍ਰੇਮ ਦਾ ਵਣਜ ਕਰਨ ਲਈ ਆਪਣੇ ਸੀਸ ਤਲੀ ਤੇ ਰਖ ਕੇ ਪ੍ਰੀਤਮ ਦੀ ਗਲੀ ਵਿਚ ਆਉਂਦੇ ਅਤੇ ਸਿਰ ਦੇਣ ਵਿਚ ਰਤਾ ਵੀ ਗੁਰੇਜ਼ ਨਾ ਕਰਦੇ।

ਛੇਤੀ ਹੀ ਕੂੜੇ ਮੀਰ ਜਹਾਂਗੀਰ ਨੇ ਸੱਚੇ ਮੀਰ ਗੁਰੂ ਹਰਿਗੋਬਿੰਦ ਜੀ ਨਾਲ ਸੁਲਾਹ ਕਰ ਲਈ, ਮਿਤਰਤਾ ਦਾ ਹੱਥ ਅਗੇ ਵਧਾਇਆ। ਰਾਜ ਵਲੋਂ ਮੁੜ ਕੇ ਨਾਨਕ ਪੰਥ ਨੂੰ ਸਤਿਕਾਰ ਦਾ ਅਸਥਾਨ ਪ੍ਰਾਪਤ ਹੋਇਆ। ਦੋਹਾਂ ਰਲ ਕੇ ਸ਼ਿਕਾਰ ਖੇਡਣਾ, ਇਕੱਠਿਆਂ ਸੈਰ ਕਰਨੀ, ਨੇੜੇ ਨੇੜੇ ਤੰਬੂਆਂ ਵਿਚ ਰਹਿਣਾ, ਇਹ ਸਿਧ ਕਰਦਾ ਹੈ ਕਿ ਨਾਨਕ ਮੀਰ ਮੁਗ਼ਲ ਮੀਰ ਦੇ ਅਧੀਨ ਨਹੀਂ ਸੀ। ਉਸਦੀ ਪ੍ਰਭੂ-ਸਤਾ ਉਵੇਂ ਕਿਵੇਂ ਕਾਇਮ ਸੀ।

ਗੁਰੂ ਹਰਿਗੋਬਿੰਦ ਜੀ ਦਾ ਮੀਰੀ ਠਾਠ ਬਾਠ ਦੇਖ ਕੇ ਮਹਾਰਾਸ਼ਟਰ ਦੇ ਪ੍ਰਸਿੱਧ ਸੰਤ ਰਾਮਦਾਸ ਸਮਰਥ ਭੀ ਦੰਗ ਰਹਿ ਗਏ ਸੀ। ਉਸ ਦੇ ਮਨ ਵਿਚ ਸ਼ੰਕਾ ਉਠੀ ਕਿ ਗੁਰੂ ਨਾਨਕ ਪੀਰ ਤਾਂ ਸਰਬ ਕਲਾ ਸਮਰਥ ਸੁਣੀਦੇ ਸਨ, ਪਰ ਉਨ੍ਹਾਂ ਦੀ ਗੱਦੀ ਤੇ ਬੈਠੇ ਬਾਲਾ ਗੁਰੂ ਜੀ ਦਾ ਸ਼ਾਹੀ ਠਾਠ-ਬਾਠ ਭਗਤੀ ਭਾਵਨਾ ਤੋਂ ਦੂਰ ਲਗਦਾ ਹੈ। ਗੱਲਾਂ ਗੱਲਾਂ ਵਿਚ ਉਸਨੇ ਸਤਿਗੁਰਾਂ ਨਾਲ ਹੋਈ ਸ੍ਰੀ ਨਗਰ ਦੀ ਭੇਂਟ ਵਿਚ ਆਪ ਤੋਂ ਪੁਛ ਹੀ ਲਿਆ ਕਿ ਆਖ਼ਰ ਸੰਤਗੀਰੀ ਦਾ ਤੇ ਅਮੀਰੀ ਦਾ ਕੀ ਸੰਬੰਧ ਹੋ ਸਕਦਾ ਹੈ ? ਸਤਿਗੁਰੂ ਜੀ ਨੇ ਸ਼ੰਕਾ ਨਵਿਰਤ ਕਰਦਿਆਂ ਇਹ ਉਤਰ ਦਿਤਾ ਸੀ, "ਫਕੀਰੀ ਰੱਬ ਦੀ ਦਾਤ ਹੈ। ਸਾਡੇ ਭਾਵੇਂ ਜ਼ਾਹਰ ਅਮੀਰੀ ਹੈ, ਪਰ ਅੰਦਰ ਫਕੀਰੀ ਹੈ। ਗੁਰੂ ਨਾਨਕ ਨੇ ਮਾਇਆ ਤਿਆਗੀ ਥੀ, ਸੰਸਾਰ ਨਹੀਂ ਤਿਆਗਿਆ ਥਾ।" ਫਿਰ ਪਿਆਰ ਨਾਲ ਉਸਨੂੰ ਸਮਝਾਇਆ ਕਿ


www.AKJ.Org

ਭਾਰਤ ਦੇ ਧਾਰਮਿਕ ਇਤਿਹਾਸ ਵਿਚ ਸਭ ਤੋਂ ਵੱਡਾ ਦੁਖਾਂਤ ਹੀ ਇਹੋ ਰਿਹਾ ਹੈ ਕਿ ਧਰਮੀ ਬੰਦਾ ਆਪਣੀ ਰੱਖਿਆ ਕਰਨ ਦੇ ਸਮਰੱਥ ਹੀ ਨਹੀਂ ਰਹਿੰਦਾ, ਹੋਰਨਾਂ ਦੀ ਰੱਖਿਆ ਦਾ ਪਰਉਪਕਾਰ ਤਾਂ ਦੂਰ ਦੀ ਗੱਲ ਹੈ। ਪ੍ਰਭੂ ਲੋਕਾਂ ਨੂੰ ਨੇਕੀ ਤੇ ਕਾਇਮ ਰਹਿਣ ਲਈ ਸ਼ਕਤੀ ਦਾ ਪ੍ਰਯੋਗ ਕਰਨਾ ਹੀ ਚਾਹੀਦਾ ਹੈ। ਗੁਰੂ ਸਾਹਿਬ ਦੇ ਨਾਲ ਇਕ ਹਜ਼ਾਰ ਫ਼ੌਜੀ ਜਵਾਨਾਂ ਦੇ ਦਰਸ਼ਨ ਕਰ ਕੇ ਉਹ ਬਹੁਤ ਪ੍ਰਸੰਨ ਹੋਇਆ। ਮਹਾਰਾਸ਼ਟਰ ਜਾ ਕੇ ਉਸਨੇ ਭਗਤੀ ਅਤੇ ਸ਼ਕਤੀ ਦਾ ਪ੍ਰਚਾਰ ਕੀਤਾ। ਇਸੇ ਪ੍ਰਚਾਰ ਦਾ ਸਦਕਾ ਹੀ ਸੀ ਕਿ ਸ਼ਿਵਾ ਜੀ ਮਰਹੱਟਾ ਨੇ ਸ਼ਸਤਰ ਧਾਰਨ ਕੀਤੇ ਤੇ ਫ਼ੌਜਾਂ ਰਖੀਆਂ। ਇਉਂ ਮਰਹੱਟਾ ਸ਼ਕਤੀ ਦਾ ਸੋਮਾ ਗੁਰੂ ਹਰਿਗੋਬਿੰਦ ਜੀ ਸਨ।

ਛੇਵੇਂ ਸਤਿਗੁਰਾਂ ਨੇ ਜੋ ਹੁਕਮਨਾਮੇ ਦੂਰ ਦੂਰ ਸਿਖ ਸੰਗਤਾਂ ਨੂੰ ਜਾਰੀ ਕੀਤੇ, ਉਨ੍ਹਾਂ ਵਿਚੋਂ ਕੁਝ ਕੁ ਪ੍ਰਾਪਤ ਹੋ ਸਕੇ ਹਨ, ਜੋ ਡਾ: ਗੰਡਾ ਸਿੰਘ ਤੇ ਸ: ਸ਼ਮਸ਼ੇਰ ਸਿੰਘ ਅਸ਼ੋਕ ਨੇ ਸੰਪਾਦਕ ਕੀਤੇ ਹਨ। ਉਨ੍ਹਾਂ ਹੁਕਮਨਾਮਿਆਂ ਤੋਂ ਮੀਰੀ ਦੀ ਇਕ ਨਵੀਨ ਝਲਕ ਪੈਂਦੀ ਹੈ। ਉਨ੍ਹਾਂ ਆਪਣੇ ਹੁਕਮਨਾਮਿਆਂ ਵਿਚ (ਸ਼ਾਇਦ ਇਹ ਪਹਿਲੀ ਵਾਰ ਵਰਤਿਆ ਗਿਆ ਸ਼ਬਦ ਹੈ) ਪੂਰਬ ਦੀ ਸਿੱਖ ਸੰਗਤਾਂ ਨੂੰ ਇਉਂ ਫੁਰਮਾਇਆ :—

"ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ ਹੈਇ ॥
ਗੁਰੂ ਗੁਰੂ ਜਪਣਾ ਜਨਮੁ ਸਵਰੈ ॥" (ਵੇਖੋ ਹੁਕਮਨਾਮੇ, ਪੰਨਾ ੬੭, ਸੰਪਾਦਤ ਡਾ: ਗੰਡਾ ਸਿੰਘ)

'ਖਾਲਸਾ' ਦਾ ਅਰਥ ਭਾਈ ਕਾਹਨ ਸਿੰਘ ਜੀ ਨਾਭਾ ਨੇ ਇਉਂ ਕੀਤੇ ਹਨ :—

"ਉਹ ਜ਼ਮੀਨ ਜਾਂ ਮੁਲਕ, ਜੋ ਬਾਦਸ਼ਾਹ ਦਾ ਹੈ, ਜਿਸ ਪੁਰ ਕਿਸੇ ਜਾਗੀਰਦਾਰ ਅਥਵਾ ਜ਼ਿਮੀਦਾਰ ਦਾ ਸੁਤ੍ਵ ਨਹੀਂ।" ਗੁਰੂ ਨਾਨਕ ਪੀਰ ਦੀ ਸਮੂਹ ਸੰਗਤ ਕੇਵਲ ਗੁਰੂ ਕਾ ਖਾਲਸਾ ਸੀ। ਇਸ ਉਪਰ ਕਿਸੇ ਹੋਰ ਸੰਸਾਰੀ ਮੀਰ ਜਾਂ ਜ਼ਿਮੀਦਾਰ ਦੀ ਪ੍ਰਭੂ-ਸੱਤਾ ਨਹੀਂ ਹੈ। ਖਾਲਸਾ ਹੀ ਗੁਰੂ ਦੀ ਰਈਅਤ ਹੈ। ਖਾਲਸਾ ਗੁਰੂ ਲੋਕ ਦਾ ਸਦਾ ਲਈ ਨਾਗਰਿਕ ਹੁੰਦਾ ਹੈ। ਇਥੇ ਇਸ ਜਹਾਨ ਵਿਚ ਭੀ ਤੇ ਸੱਚੀ ਦਰਗਾਹ ਵਿਚ ਭੀ। ਦਸਵੇਂ ਜਾਮੇ ਵਿਚ ਖਾਲਸੇ ਦੀ ਵਿਆਖਿਆ ਨਾਨਕ ਪੀਰ ਨੇ ਇਨ੍ਹਾਂ ਸ਼ਬਦਾਂ ਵਿਚ ਕੀਤੀ ਹੈ :—

ਖਾਲਸਾ ਅਕਾਲ ਪੁਰਖ ਕੀ ਫ਼ੌਜ ॥
ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ ॥

ਖਾਲਸਾ ਅਕਾਲ ਪੁਰਖ ਦੀ ਉਹ ਫ਼ੌਜ ਹੈ ਜਿਸ ਨੇ ਸਤਿਗੁਰਾਂ ਦੀ ਧਰਮ ਚਲਾਵਨ ਤੇ ਦੋਖੀਆਂ ਨੂੰ ਖ਼ਤਮ ਕਰਨ ਵਿਚ ਗੁਰੂ ਦੀ ਸੇਵਾਦਾਰੀ ਕਰਨੀ ਹੈ।

ਸੋ ਨਾਨਕ ਮੀਰ ਦੇ ਨਵੇਂ ਐਲਾਨ ਅਨੁਸਾਰ ਖਾਲਸਾ ਸੱਚੇ ਪਾਤਸ਼ਾਹ ਦੀ ਪਰਜਾ ਥਾਪੀ ਗਈ। ਹਰ ਹੁਕਮਨਾਮੇ ਵਿਚ ਖਾਲਸੇ ਨੂੰ ਗੁਰੂ ਗੁਰੂ ਜਪਣ ਦਾ ਆਦੇਸ਼ ਸੀ। ਸਵਰਗ ਦਾ ਲਾਲਚ ਨਹੀਂ ਪਾਇਆ, ਕੇਵਲ ਇਹੋ ਲਿਖਿਆ ਸੀ, "ਗੁਰੂ ਗੁਰੂ ਜਪਣਾ ਜਨਮ ਸਵਰੈ।" ਮੁਗ਼ਲ ਬਾਦਸ਼ਾਹ ਵਲੋਂ ਆਪਣੀ ਪਰਜਾ ਲਈ ਫ਼ੁਰਮਾਨ ਜਾਰੀ ਹੁੰਦਾ ਸੀ। ਉਸ ਵਿਚ ਜਨਮ ਸਫਲਾ ਕਰਨ ਦੀ ਕੋਈ ਗੱਲ ਨਹੀਂ ਸੀ ਹੁੰਦੀ। ਪਰ ਦੂਜੇ ਪਾਸੇ ਨਾਨਕ ਮੀਰ ਨੇ ਆਪਣੀ ਪਰਜਾ ਦਾ ਜਨਮ ਸੰਵਾਰਨ ਲਈ ਅਕਾਲ ਤਖ਼ਤ ਤੋਂ ਹੁਕਮਨਾਮੇ ਜਾਰੀ ਕੀਤੇ। ਇਹ ਹੈ ਪ੍ਰਭੂ-ਸੱਤਾ। ਅੱਜ ਭੀ ਉਸੇ ਮਰਯਾਦਾ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਪਿਆਰਿਆਂ ਦੀ ਤਾਬਿਆ ਵਿਚ ਇਸ ਪ੍ਰਭੂ-ਸੱਤਾ ਦੇ ਦਰਸ਼ਨ ਹੁੰਦੇ ਹਨ। ਇਉਂ ਪ੍ਰਤੀਤ ਹੁੰਦਾ ਹੈ ਕਿ ਹੁਕਮਨਾਮੇ ਜਾਰੀ ਕਰਨ ਦੀ ਪ੍ਰਥਾ ੧੬੧੦ ਈਸਵੀ ਤੋਂ ਮਗਰੋਂ ਪ੍ਰਚਲਤ ਹੋਈ ਤੇ ਅਜ ਭੀ ਕਾਇਮ ਹੈ। ਨਾਨਕ ਮੀਰ ਦਾ ਤਖ਼ਤ ਕਾਇਮ ਹੈ। ਕੂੜੇ ਮੀਰਾਂ ਦੇ ਪੂਰਾਂ ਦੇ ਪੂਰ ਦਿੱਲੀ ਦੇ ਤਖ਼ਤ ਤੇ ਬੈਠ ਕੇ ਪ੍ਰਭੂ-ਸੱਤਾ ਗਵਾ ਕੇ ਹੱਥ ਝਾੜ ਕੇ ਚਲਦੇ ਹੋਏ। ਨਾਨਕ ਮੀਰ ਦਾ ਹੁਣ ਵੀ ਖਾਲਸੇ ਵਿਚ ਨਿਵਾਸ ਹੈ ਤੇ ਜਦੋਂ ਤਕ ਸ੍ਰਿਸ਼ਟੀ ਕਾਇਮ ਹੈ, ਇਹ ਪ੍ਰਭੂ-ਸੱਤਾ ਕਾਇਮ ਰਹੇਗੀ। ਇਹ ਨਿਵਾਸ ਖਾਲਸੇ ਵਿਚ ਤੇ ਗੁਰੂ ਗ੍ਰੰਥ ਸਾਹਿਬ ਵਿਚ ਸਦੀਵੀ ਰਹੇਗਾ।

ਜਹਾਂਗੀਰ ੧੬੨੭ ਈਸਵੀ ਵਿਚ ਮੌਤ ਦੀ ਮਿੱਠੀ ਨੀਂਦਰੇ ਸੌਂ ਗਿਆ। ਉਸ ਦੀ ਥਾਂ ਸ਼ਾਹ ਜਹਾਨ


www.AKJ.Org

ਦਿੱਲੀ ਦੇ ਤਖ਼ਤ ਤੇ ਬੈਠਾ। ਥੋੜੇ ਸਮੇਂ ਵਿਚ ਹੀ ਮੁਗਲ ਸ੍ਰਕਾਰ ਦਾ ਰਵੱਈਆ ਸਾਹਿਬਾਂ ਪ੍ਰਤੀ ਵਿਰੋਧੀ ਹੁੰਦਾ ਗਿਆ। ੧੬੨੮ ਵਿਚ ਸ੍ਰੀ ਅੰਮ੍ਰਿਤਸਰ ਵਿਚ ਹੀ ਸ਼ਾਹੀ ਬਾਜ਼ ਉਡ ਕੇ ਗੁਰੂ ਹਰਿਗੋਬਿੰਦ ਜੀ ਦੇ ਕੈਂਪ ਵਿਚ ਗਿਆ। ਸਿੱਖਾਂ ਨੇ ਫੜ ਲਿਆ। ਸ਼ਾਹੀ ਫ਼ੌਜਾਂ ਨੇ ਬਾਜ਼ ਦੀ ਮੰਗ ਕੀਤੀ ਤੇ ਸ਼ਕਤੀ ਦੇ ਪ੍ਰਯੋਗ ਦੀ ਧਮਕੀ ਦਿੱਤੀ, ਜਿਵੇਂ ਕਿ ਉਹ ਹਮੇਸ਼ਾ ਦਿੰਦੇ ਆਏ ਸਨ। ਪਰਜਾ ਹਾਕਮ ਅਗੇ ਬੋਲੇ, ਇਹ ਕਿਵੇਂ ਹੋ ਸਕਦਾ ਹੈ? ਪਰ ਗੁਰੂ ਹਰਿਗੋਬਿੰਦ ਸਾਹਿਬ ਸ਼ਾਹ ਜਹਾਨ ਦੀ ਪਰਜਾ ਨਹੀਂ ਸਨ। ਉਹ ਸੁਤੰਤਰ ਪ੍ਰਭੂ-ਸੱਤਾ ਸੰਪੰਨ ਸਨ। ਇਸ ਲਈ 'ਟਕਰਾਓ' ਲਾਜ਼ਮੀ ਹੋ ਗਿਆ। ਮੁਖ਼ਲਿਸ ਖ਼ਾਨ ਸਤ ਹਜ਼ਾਰ ਫ਼ੌਜ ਦੀ ਅਗਵਾਈ ਵਿਚ ਅੱਗੇ ਵਧਿਆ। ਘਮਸਾਨ ਦਾ ਯੁੱਧ ਹੋਇਆ। ਸ਼ਾਹੀ ਫ਼ੌਜਾਂ ਹਾਰ ਗਈਆਂ। ਨਾਨਕ ਮੀਰ ਦੀ ਰਾਜਸੀ ਖੇਤਰ ਵਿਚ ਇਹ ਪਹਿਲੀ ਜਿੱਤ ਸੀ। ਸਿੱਖਾਂ ਦੇ ਹੌਸਲੇ ਬੇਹਦ ਬੁਲੰਦ ਹੋ ਗਏ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਨ੍ਹਾਂ ਦੇ ਦਿਲ ਦਿਮਾਗ਼ ਵਿਚ ਅਜੇ ਤਾਜ਼ਾ ਸੀ। ਇਸ ਜਿੱਤ ਨੇ ਉਨ੍ਹਾਂ ਦੇ ਡਾਵਾਂ-ਡੋਲ ਮਨਾਂ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਲਈ ਪੂਰਨ ਭਰੋਸਾ ਪੈਦਾ ਕਰ ਦਿੱਤਾ। ਉਨ੍ਹਾਂ ਨੇ ਕਦੀ ਆਸ ਹੀ ਨਹੀਂ ਕੀਤੀ ਸੀ ਕਿ ਉਹ ਕਿਸੇ ਸਮੇਂ ਮੁਗਲ ਫ਼ੌਜ ਨੂੰ ਭੀ ਜਿੱਤ ਸਕਣਗੇ। ਅੱਜ ਚਿੜੀਆਂ ਨੇ ਪਹਿਲੀ ਵਾਰ ਬਾਜ਼ ਨੂੰ ਭਜਾ ਦਿੱਤਾ।

ਇਉਂ ਦੂਜੀ ਜੰਗ ਜਲੰਧਰ ਦੇ ਸੂਬੇਦਾਰ ਨੇ ਖਤਰੀ ਭਗਵਾਨ ਦਾਸ ਦੇ ਪੁੱਤਰ ਰਤਨ ਚੰਦ ਦੀ ਚੁਕ ਤੇ ੧੬੩੦ ਈਸਵੀ ਵਿਚ ਛੇੜੀ। ਮੁਗਲਾਂ ਹਾਰ ਖਾਧੀ। ਸਤਿਗੁਰਾਂ ਨੇ ਖੁਸ਼ੀ ਵਿਚ ਹਰਿਗੋਬਿੰਦਪੁਰ ਨਗਰ ਵਸਾਇਆ। ਉਥੇ ਹੀ ਇਕ ਮਸੀਤ ਭੀ ਬਣਵਾਈ, ਮੁਸਲਮਾਨ ਫ਼ੌਜੀਆਂ ਲਈ, ਤੇ ਉਥੋਂ ਦੀ ਮੁਸਲਮਾਨ-ਵਸੋਂ ਲਈ। ਇਉਂ ਨਾਨਕ ਮੀਰ ਨੇ ਇਕ ਨਵੀਂ ਪਿਰਤ ਪਾਈ। ਮੁਗਲ ਮੀਰ ਤਾਂ ਮੰਦਰ ਢਹੁੰਦਾ ਹੀ ਰਿਹਾ ਹੈ। ਕਿਸੇ ਦੂਜੇ ਮਜ਼ਹਬ ਲਈ ਪੂਜਾ-ਅਸਥਾਨ ਨਹੀਂ ਬਣਵਾਇਆ। ਪਰ ਸਤਿਗੁਰਾਂ ਨੇ ਜਿੱਤ ਦੀ ਖੁਸ਼ੀ ਵਿਚ ਨਗਰ ਭੀ ਵਸਾਇਆ ਤੇ ਮੁਸਲਮਾਨਾਂ ਲਈ ਇਕ ਮਸੀਤ ਭੀ ਬਣਵਾਈ। ਇਹ ਹੈ ਸੱਚੇ ਮੀਰ ਤੇ ਪੀਰ ਦੀ ਸਮ-ਦ੍ਰਿਸ਼ਟੀ।

੧੬੩੧ ਈਸਵੀ ਵਿਚ ਨਥਾਣੇ ਵਿਖੇ ਗੁਰੂ ਜੀ ਦੇ ਘੋੜਿਆਂ ਨੂੰ ਸ਼ਾਹੀ ਕਬਜ਼ੇ ਤੋਂ ਆਜ਼ਾਦ ਕਰਾਉਣ ਪਿਛੋ ਲੜਾਈ ਹੋਈ, ਜਿਸ ਵਿਚ ਭਾਈ ਬਿੱਧੀ ਚੰਦ ਜੀ ਨੇ ਵਾਹ ਵਾਹ ਜੌਹਰ ਵਿਖਾਏ। ਚੌਥੀ ਜੰਗ ੧੬੩੪ ਈਸਵੀ ਵਿਚ ਕਰਤਾਰਪੁਰ ਵਿਖੇ ਲੜੀ ਗਈ। ਇਥੇ ਪੈਂਦੇ ਖਾਂ, ਜਿਸ ਨੂੰ ਗੁਰੂ ਜੀ ਨੇ ਆਪ ਪਾਲਿਆ ਸੀ, ਆਪ ਜੀ ਦੇ ਹੱਥੋਂ ਹੀ ਸ਼ਹੀਦ ਹੋਇਆ। ਇਸ ਜੰਗ ਵਿਚ ਬਾਬਾ ਤਿਆਗ ਮਲ ਜੀ ਨੂੰ ਤੇਗ ਬਹਾਦਰ ਦਾ ਸਤਿਗੁਰਾਂ ਵਲੋਂ ਖ਼ਿਤਾਬ ਮਿਲਿਆ।

ਹਰ ਇਕ ਮੀਰ ਨੂੰ ਜੰਗ ਭੀ ਕਰਨੀ ਪੈਂਦੀ ਹੈ। ਨਾਨਕ ਮੀਰ ਨੇ ਭੀ ਚਾਰ ਲੜਾਈਆਂ ਲੜੀਆਂ ਤੇ ਜਿੱਤੀਆਂ। ਮੁਗਲ ਸਰਕਾਰ ਨੇ ਹੁਣ ਸਮਝ ਲਿਆ ਸੀ ਕਿ ਨਾਨਕ ਮੀਰ ਭੀ ਇਕ 'ਤਾਕਤ' ਹੈ ਅਤੇ ਇਹ ਹਕੂਮਤ ਦਾ ਮੁਕਾਬਲਾ ਕਰਨ ਦੇ ਸਮਰੱਥ ਹੈ। ਇਨ੍ਹਾਂ ਲੜਾਈਆਂ ਤੋਂ ਹੀ ਮੁਗਲ ਸਰਕਾਰ ਦੀ ਨਾਨਕ-ਪੰਥੀਆਂ ਪ੍ਰਤੀ ਕਰੜੀ ਪਾਲਿਸੀ ਬਣਨੀ ਸ਼ੁਰੂ ਹੋ ਗਈ, ਜਿਸ ਨੇ ਅੱਗੇ ਚਲ ਕੇ ਫਿਰ ਭਿਆਨਕ ਰੂਪ ਧਾਰਨ ਕਰ ਲਿਆ ਤੇ ਨੌਵੇਂ ਸਤਿਗੁਰਾਂ ਦੀ ਤੇ ਫਿਰ ਉਨ੍ਹਾਂ ਦੇ ਸਮੁਚੇ ਪਰਵਾਰ ਦੀ ਸ਼ਹੀਦੀ ਹੋਈ।

ਉਪਰੋਕਤ ਜੰਗਾਂ ਜੁੱਧਾਂ ਵਿਚ ਜਿਨ੍ਹਾਂ ਜਿਨ੍ਹਾਂ ਗੁਰੂ ਪਿਆਰਿਆਂ ਨੇ ਭਾਗ ਲਿਆ, ਉਹ ਪਹਿਲੇ ਕੌਮੀ ਸ਼ਹੀਦ ਦੇ ਤੌਰ ਤੇ ਸਤਿਕਾਰੇ ਗਏ। ਆਮ ਹਿੰਦੂ ਸਿੱਖ ਜਨਤਾ ਤੇ ਇਨ੍ਹਾਂ ਜਿੱਤਾਂ ਦਾ ਇਕ ਸੁਖਾਵਾਂ ਪ੍ਰਭਾਵ ਇਹ ਪਿਆ ਕਿ ਮੁਗਲ ਫ਼ੌਜ ਬਾਰੇ ਭਾਰਤ ਵਿਚ ਜੋ ਇਹ ਧਾਰਨਾ ਬਣੀ ਹੋਈ ਸੀ ਕਿ ਇਹ ਬੜੀ ਜ਼ਾਲਮ ਤੇ ਅਜਿਤ ਫ਼ੌਜ ਹੈ, ਹੁਣ ਉਸ ਧਾਰਨਾ ਦਾ ਮੁੱਲ ਘਟ ਗਿਆ। ਸਭਨਾਂ ਨੇ ਇਕ ਅਜਬ ਚਮਤਕਾਰ ਵੇਖਿਆ ਕਿ ਕੇਵਲ ਨਾਮ ਬਾਣੀ ਪੜ੍ਹਨ ਵਾਲੇ ਮੁੱਠੀ ਭਰ ਲੋਕਾਂ ਨੇ, ਜਿਹੜੇ ਕਦੀ ਤੀਰਥਾਂ ਦਾ ਇਸ਼ਨਾਨ ਭੀ ਨਹੀਂ ਕਰਦੇ, ਨਾ ਕਦੀ ਕੋਈ ਦੇਵੀ ਦੇਵਤਾ ਹੀ ਪੂਜਦੇ ਹਨ, ਨਾ ਕਿਸੇ ਗ੍ਰਹਿ ਨਛਤ੍ਰ ਤੋਂ ਡਰਦੇ ਹਨ, ਕਿਵੇਂ ਜਾਬਰ ਮੁਗਲਾਂ ਨੂੰ ਚਾਰ ਲੜਾਈਆਂ ਵਿਚ ਹੀ ਚਿੱਤ ਕਰ ਦਿੱਤਾ।



www.AKJ.Org

ਪਹਿਲੇ ਸਤਿਗੁਰਾਂ ਦੇ ਸਮੇਂ ਤਾਂ ਮੁਗਲ ਬਾਦਸ਼ਾਹਾਂ ਦੇ ਗੁਰੂ ਦਰਬਾਰ ਵਿਚ ਅਉਣ ਕਰਕੇ ਨਾਨਕ-ਪੀਰ ਦੇ ਸਤਿਕਾਰ ਵਿਚ ਵਾਧਾ ਹੋਇਆ ਸੀ ਤੇ ਬੇਅੰਤ ਲੋਕਾਂ ਨੇ ਗੁਰੂ-ਚਰਨਾਂ ਤੇ ਆਣ ਸੀਸ ਨਿਵਾਇਆ ਸੀ। ਹੁਣ ਗੱਲ ਹੋਰ ਸੀ। ਹੁਣ ਕੇਵਲ ਉਹੀ ਲੋਕ ਹੀ ਗੁਰੂ-ਚਰਨਾਂ ਤੇ ਸੀਸ ਭੇਟ ਕਰਨ ਲਈ ਆਉਂਦੇ ਸਨ ਜਿਨ੍ਹਾਂ ਨੇ ਪਹਿਲਾਂ ਹੀ ਮਰਨ ਦਾ ਫ਼ੈਸਲਾ ਕਰ ਲਿਆ ਹੋਵੇ। ਨਾਨਕ ਮੀਰ ਦੇ ਸ਼ਰਧਾਲੂਆਂ ਲਈ ਇਹ ਇਕ ਨਵਾਂ ਮੋੜ ਆਖਿਆ ਜਾ ਸਕਦਾ ਹੈ। ਹੁਣ ਨਾਨਕ ਮੀਰ ਦੇ ਸਿੱਖੀ ਦਾਇਰੇ ਅੰਦਰ ਕੇਵਲ ਉਹੀ ਲੋਕ ਆਉਂਦੇ ਜਿਨ੍ਹਾਂ ਨੂੰ ਮਰਨ ਤੋਂ ਜਾਂ ਮਾਰਨ ਤੋਂ ਡਰ ਨਹੀਂ ਸੀ ਲਗਦਾ। ਜੈਨੀ, ਬੋਧੀ, ਬਾਣੀਏ, ਬ੍ਰਾਹਮਣ, ਤੇ ਇਹੋ ਜਿਹੇ ਹੋਰ ਕਈ ਵਰਗਾਂ ਦੇ ਲੋਕ, ਜੋ ਅਖਾਉਤੀ "ਅਮਨ ਪਸੰਦ" (ਬੁਜ਼ਦਿਲ) ਅਖਵਾਉਂਦੇ ਸਨ, ਮਰਨ ਮਾਰਨ ਤੋਂ ਡਰਦੇ ਸਨ ਤੇ ਉਨ੍ਹਾਂ ਵਿਚ ਨਾ ਤਾਂ ਕੋਈ ਤਾਣ ਸੀ, ਜਿਸ ਨਾਲ ਉਹ ਜਬਰ ਜ਼ੁਲਮ ਦਾ ਡਟਵਾਂ ਮੁਕਾਬਲਾ ਕਰ ਸਕਦੇ ਅਤੇ ਨਾ ਹੀ ਉਨ੍ਹਾਂ ਵਿਚ ਅਣਖ ਸੀ, ਜੋ ਉਨ੍ਹਾਂ ਨੂੰ ਧਰਮ ਤੇ ਨਿਆਂ ਲਈ ਲੜ-ਮਰਨ ਲਈ ਉਤਸ਼ਾਹ ਦੇ ਸਕਦੀ। ਅਜਿਹੇ ਡਰਾਕਲ ਲੋਕ ਸਤਿਗੁਰਾਂ ਪਾਸ ਨਹੀਂ ਆਏ। ਆਉਣ ਤੇ ਕਿਵੇਂ ਆਉਣ ?

ਨਾਨਕ ਮੀਰ ਨੇ ਮੂਰਛਿਤ ਹੋਈ ਭਾਰਤੀ ਕੌਮ ਵਿਚ ਅਣਖ ਜਗਾਈ ਤੇ ਆਪਣੇ ਪੈਰੋਕਾਰਾਂ (ਅਨੁਯਾਈਆਂ) ਨੂੰ ਜ਼ੁਲਮ ਤੇ ਜਬਰ ਵਿਰੁਧ ਸ਼ਸਤਰ-ਬਧ ਕੀਤਾ। ਸ਼ਾਇਦ ਭਾਰਤ ਦੇ ਇਤਿਹਾਸ ਵਿਚ ਇਹ ਪਹਿਲੀ ਧਾਰਮਿਕ ਜਾਂ ਕਲਚਰਲ ਕ੍ਰਾਂਤੀ ਸੀ ਜਿਸਦੇ ਬੀਜ ਨਾਨਕ ਮੀਰ ਨੇ ਸਮੁੱਚੇ ਪੰਜਾਬ ਅੰਦਰ ਐਸੇ ਬਖੇਰੇ ਕਿ ਅਗਲੀ ਇਕ ਸਦੀ ਵਿਚ ਹੀ ਨਾਨਕ ਮੀਰ ਦੀ ਉਮਤ ਮੁਗਲ ਸਾਮਰਾਜ ਨੂੰ ਜੜ੍ਹੋਂ ਉਖੇੜਨ ਲਈ ਪੂਰੇ ਜ਼ੋਰ ਸ਼ੋਰ ਨਾਲ ਮੈਦਾਨੇ ਜੰਗ ਵਿਚ ਆਣ ਉਤਰੀ, ਤੇ ਉਦੋਂ ਹੀ ਚੈਨ ਲੀਤਾ ਜਦੋਂ ਸਮੁਚੇ ਪੰਜਾਬ ਵਿਚ ਗੁਰੂ ਕੇ ਖਾਲਸੇ ਦਾ ਕੇਸਰੀ ਨਿਸ਼ਾਨ ਝੁਲਣ ਲਗ ਪਿਆ।

ਸਤਵੇਂ ਨਾਨਕ-ਮੀਰ ਪਾਸ ੨੨੦੦ ਘੋੜ-ਸਵਾਰ ਸਨ। ਪਰ ਹਾਲਾਤ ਨੇ ਕੁਝ ਨਵਾਂ ਮੋੜ ਕਟਿਆ। ਸ੍ਰੀ ਗੁਰੂ ਹਰਿ ਰਾਏ ਸਾਹਿਬ, ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਿੱਖ ਸੰਗਤਾਂ ਨੂੰ ਨਾਮ ਦਾਨ ਦੀ ਦਾਤ ਖੁਲ੍ਹ ਕੇ ਵੰਡੀ, ਬਿਨਾਂ ਕਿਸੇ ਰੋਕ ਟੋਕ ਦੇ। ਸੰਨ ੧੬੦੬ ਤੋਂ ੧੬੭੫ ਤਕ ਗੁਰੂ ਹਰਿਗੋਬਿੰਦ ਤੋਂ ਗੁਰੂ ਤੇਗ ਬਹਾਦਰ ਤਕ ਚਾਰ ਨਾਨਕ ਪੀਰ/ਮੀਰ ਗੁਰਗੱਦੀ ਤੇ ਬਿਰਾਜਮਾਨ ਹੋਏ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਕ ਦਹਾਕੇ ਵਿਚ ਸ੍ਰੀ ਅੰਮ੍ਰਿਤਸਰ ਤੋਂ ਲੈ ਕੇ ਧੂਬੜੀ (ਆਸਾਮ) ਤੇ ਢਾਕਾ (ਪੂਰਬੀ ਬੰਗਾਲ) ਤਕ ਉਤਰ ਭਾਰਤ ਵਿਚ ਪ੍ਰਚਾਰ ਕੀਤਾ।

੧੬੬੯ ਈਸਵੀ ਵਿਚ ਦਿੱਲੀ ਦੇ ਸ਼ਹਿਨਸ਼ਾਹ ਔਰੰਗਜ਼ੇਬ ਨੇ ਰਾਜਾਂ ਦੇ ਸਭ ਗਵਰਨਰਾਂ ਨੂੰ ਕਰੜੇ ਆਦੇਸ਼ ਭੇਜ ਦਿੱਤੇ ਸਨ ਕਿ ਹਿੰਦੂਆਂ ਦੇ ਮੰਦਰ ਢਾਹ ਕੇ ਉਨ੍ਹਾਂ ਨੂੰ ਜਬਰਨ ਮੁਸਲਮਾਨ ਬਣਾਇਆ ਜਾਏ। ਅਜੇ ਨਾਨਕ-ਪੰਥੀਆਂ ਤੇ ਇਹ ਹੁਕਮ ਲਾਗੂ ਨਹੀਂ ਸੀ ਕੀਤਾ ਗਿਆ। ਇਸ ਆਦੇਸ਼ ਦਾ ਭਾਵ ਇਹ ਸੀ ਕਿ ਗੈਰ-ਮੁਸਲਿਮ ਜਨਤਾ ਨੂੰ ਆਪਣੀ ਮਰਜ਼ੀ ਅਨੁਸਾਰ ਪੂਜਾ ਪ੍ਰਤਿਸ਼ਠਾ ਕਰਨ ਦੀ ਕੋਈ ਖੁਲ੍ਹ ਨਹੀਂ, ਭਲਾ ਧਰਮ ਪ੍ਰਚਾਰ ਦੀ ਖੁਲ੍ਹ ਤਾਂ ਕਿਤੇ ਰਹੀ। ੧੬੭੫ ਮਈ ਵਿਚ ਉਤਰੀ ਭਾਰਤ ਦੇ ਕਸ਼ਮੀਰੀ ਪੰਡਤਾਂ ਦਾ ਇਕ ਡੈਪੂਟੇਸ਼ਨ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਗੁਰੂ ਤੇਗ ਬਹਾਦਰ ਜੀ ਦੇ ਪੇਸ਼ ਹੋਇਆ ਤੇ ਫ਼ਰਯਾਦ ਕੀਤੀ ਕਿ ਧਰਮ ਦੀ ਰਾਖੀ ਕਰੋ। ਉਤਰ ਵਿਚ ਗੁਰੂ ਤੇਗ ਬਹਾਦਰ ਜੀ ਨੇ ਇਤਨਾ ਹੀ ਕਿਹਾ ਸੀ, "ਗੁਰੂ ਨਾਨਕ ਦੇਵ ਜੀ ਭਲੀ ਕਰਨਗੇ।" ਆਪ ਉਨ੍ਹੀਂ ਦਿਨੀਂ ਧਰਮ ਪ੍ਰਚਾਰ ਲਈ ਦੌਰੇ ਤੇ ਜਾਣ ਵਾਲੇ ਸਨ। ਜੁਲਾਈ-ਅਗਸਤ ਵਿਚ (੧੬੭੫ ਆਪ ਸ੍ਰੀ ਅਨੰਦਪੁਰ ਸਾਹਿਬ ਤੋਂ ਚਲਦੇ ਹਨ ਤੇ ਸਮਾਣਾ, ਰੋਹਤਕ, ਕੈਥਲ ਆਦਿ ਥਾਵਾਂ ਤੇ ਪਰਚਾਰ ਕਰਦੇ ਹੋਏ ਇਕ ਸਾਲ ਪਿਛੋਂ ਆਗਰੇ ਪੁਜੇ। ਇਥੇ ਸ਼ਾਹੀ ਹੁਕਮਾਂ ਅਨੁਸਾਰ ਗ੍ਰਿਫਤਾਰ ਕਰ ਲਏ ਗਏ।

ਚਾਹੇ ਕੁਝ ਵੀ ਹੋਵੇ, ਇਹ ਦੂਜੀ ਵੇਰ ਹੈ, ਸੰਸਾਰੀ ਮੀਰ ਨੇ ਰੱਬੀ ਪੀਰ (ਤੇ ਰੱਬੀ ਮੀਰ) ਨਾਲ ਬਦ-ਸਲੂਕੀ ਕੀਤੀ। ਰੱਬ ਦੇ ਰੰਗ ਵਿਚ ਰੱਤੇ ਹੋਏ ਨੂੰ ਇਹ ਆਖਣਾ ਕਿ ਤੂੰ ਕਲਮਾ ਪੜ੍ਹ, ਨਹੀਂ ਤਾਂ ਮਾਰ ਦਿਆਂਗੇ, ਇਹ ਇਉਂ



www.AKJ.Org

ਹੈ ਜਿਵੇਂ ਸੂਰਜ ਨੂੰ ਦੀਵਾ ਦਿਖਾਈਦਾ ਹੈ। ਬ੍ਰਹਮ ਗਿਆਨੀ ਨੂੰ ਆਖਣਾ ਕਿ ਤੂੰ ਮੁਸਲਮਾਨ ਬਣ, ਨਹੀਂ ਤਾਂ ਤੇਰੀ ਗਰਦਨ ਲਾਹ ਦਿਆਂਗੇ, ਝਲਿਆਂ ਵਾਲਾ ਵਿਹਾਰ ਹੈ। ਔਰੰਗਜ਼ੇਬ ਸ਼ਰ੍ਹਾ ਦਾ ਕੈਦੀ ਸੀ। ਉਸਨੇ ਸ਼ਰ੍ਹਾ ਦੇ ਹਨੇਰੇ ਵਿਚ ਸਰਮਦ ਵਰਗੇ ਸੂਫੀ ਫ਼ਕੀਰ ਨੂੰ ਕਤਲ ਕਰਵਾ ਦਿੱਤਾ। ਕੀ ਇਹ ਅਕਲਮੰਦੀ ਹੈ? ਕੀ ਇਹ ਇਕ ਧਾਰਮਿਕ ਮੁਸਲਮਾਨ ਦੇ ਗਿਆਨ ਦੀ ਸਿਖਰ ਹੈ?

ਮੀਰ ਕਿਸੇ ਨੂੰ ਕਤਲ ਕਰਨ ਤੋਂ ਵਧ ਹੋਰ ਕੁਝ ਨਹੀਂ ਕਰ ਸਕਦਾ। ਇਸ ਮੌਤ ਤੋਂ ਆਮ ਸਾਧਾਰਨ ਲੋਕ ਭੈ ਖਾਂਦੇ ਹਨ। ਪਰ ਜਿਨ੍ਹਾਂ ਨੇ ਇਹ ਜਾਣ ਲਿਆ ਕਿ ਮਰਨਾ ਸੱਚ ਤੇ ਜੀਉਣਾ ਝੂਠ ਹੈ, ਉਹ ਮੌਤ ਨੂੰ ਹੱਸ ਹੱਸ ਜੀ ਆਇਆਂ ਕਹਿੰਦੇ ਹਨ। ਗੁਰੂ ਤੇਗ ਬਹਾਦਰ ਜੀ ਨੇ ਭੀ ਹੱਸ ਹੱਸ ਭਾਣੇ ਨੂੰ ਮਿੱਠਾ ਕਰਕੇ ਮਜ਼ਲੂਮ ਹਿੰਦੂਆਂ ਦੀ ਖ਼ਾਤਰ ਜਾਮੇ-ਸ਼ਹਾਦਤ ਪੀ ਲਿਆ।

ਪੰਜਵੇਂ ਸਤਿਗੁਰਾਂ ਦੀ ਸ਼ਹੀਦੀ ਸਮੇਂ ਪੰਜਾਬ ਦੇ ਲੋਕਾਂ ਅੰਦਰ ਰੋਸ ਜਾਗਿਆ ਸੀ। ਹੁਣ ਸਮੁੱਚੇ ਉਤਰੀ ਭਾਰਤ ਦੇ ਨਾਨਕ ਨਾਮ ਲੇਵਾ ਇਸ ਸ਼ਹੀਦੀ ਤੋਂ ਪੀੜਤ ਹੋਏ। ਇੰਜ ਲਗਦਾ ਹੈ ਕਿ ਨਾਨਕ ਪੀਰ ਦੀ ਹਰ ਸ਼ਹੀਦੀ ਤੋਂ ਬਾਅਦ ਨੂਰੀ ਜੋਤਿ ਆਪਣੇ ਅਗਲੇ ਸਰੂਪ ਵਿਚ ਮੀਰੀ ਪੀਰੀ ਦੀ ਪ੍ਰਭੂ-ਸੱਤਾ ਨੂੰ ਮੁੜ ਕੇ ਦ੍ਰਿੜ੍ਹ ਕਰਾਉਣ ਲਈ ਕੌਮ ਨੂੰ ਹਲੂਣਾ ਦਿੰਦੀ ਹੈ। ਗੁਰੂ ਹਰਿਗੋਬਿੰਦ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਲਗ ਪਗ ਇਕੋ ਜਿਹੀ ਸੀ। ਸਾਲ ਦੋ ਦਾ ਫਰਕ ਹੋ ਸਕਦਾ ਹੈ। ੧੦ ਸਾਲ ਦੀ ਉਮਰ ਵਿਚ ਮੀਰੀ ਪੀਰੀ ਧਾਰਨ ਕਰ ਲੈਣੀ ਇਕ ਕ੍ਰਿਸ਼ਮਾ ਹੈ, ਇਕ ਜ਼ਾਹਰਾ ਕਰਾਮਾਤ ਹੈ, ਜੋ ਸਮੇਂ ਅਨੁਸਾਰ ਸਤਿਗੁਰਾਂ ਨੇ ਪਰਤਖ ਹੋ ਕੇ ਦਿਖਲਾਈ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਿਛੋਂ ਮੁਗ਼ਲ ਸਰਕਾਰ ਕੁਝ ਸੌਂ ਗਈ ਲਗਦੀ ਹੈ। ੧੬੮੬ ਵਿਚ ਭੰਗਾਣੀ ਦੇ ਯੁੱਧ ਵਿਚ ਨਾਨਕ ਮੀਰ ਦੀ ਵਿਜੈ ਸੁਣ ਕੇ ਫਿਰ ਚੋਕ ਉਠੀ ਅਤੇ ਇਸ ਕਿਸਮ ਦੀਆਂ ਵਿਉਂਤਾਂ ਬਣਾਉਣ ਲਗ ਪਈ ਜਿਸ ਨਾਲ ਨਾਨਕ ਮੀਰ ਦੀ ਵਧ ਰਹੀ ਤਾਕਤ ਨੂੰ ਕਮਜ਼ੋਰ ਕੀਤਾ ਜਾ ਸਕੇ। ਅਜਿਹਾ ਹਰ ਸਰਕਾਰ ਕਰਦੀ ਹੈ। ਪਰ ਨਾਨਕ ਮੀਰ ਨੇ ਕਦੀ ਅਜਿਹੀ ਕੋਈ ਘਟੀਆ ਸੋਚਣੀ ਨਹੀਂ ਸੋਚੀ। ੧੬੮੬ ਤੋਂ ਅਗਲੇ ਦੋ ਦਹਾਕੇ (ਵੀਹ ਸਾਲ) ਮੁਗ਼ਲ ਸਰਕਾਰ ਦਸਵੇਂ ਨਾਨਕ ਮੀਰ ਦੀ ਮੀਰੀ ਤਾਕਤ ਤੇ ਪ੍ਰਭੂ-ਸੱਤਾ ਨਾਲ ਖਿਲਵਾੜ ਕਰਦੀ ਰਹੀ। ਪਹਾੜੀ ਰਾਜਿਆਂ ਨੂੰ ਮੁਗਲਾਂ ਦੀ ਅਧੀਨਗੀ ਪਰਵਾਨ ਸੀ। ਕਿਲ੍ਹਾ ਅਨੰਦਗੜ੍ਹ ਝੂਠੀਆਂ ਕਸਮਾਂ ਦੇ ਕੇ ਸਤਿਗੁਰਾਂ ਤੋਂ ਖ਼ਾਲੀ ਕਰਵਾਇਆ ਗਿਆ। ਸਰਸਾ ਨਦੀ ਜਿਥੇ ਆਪ ਜੀ ਦਾ ਪਰਵਾਰ ਕੂਚ ਕਰਨ ਸਮੇਂ ਨਿਖੜ ਗਿਆ ਸੀ, ਤੋਂ ਦੀਨਾ ਕਾਂਗੜ ਤਕ ਲਗਪਗ ੬੦੦ ਕਿਲੋਮੀਟਰ ਦਾ ਸਫਰ ਆਪ ਨੇ ਹਰ ਤਰ੍ਹਾਂ ਦੀ ਔਖ ਝਲ ਕੇ ਤੈਅ ਕੀਤਾ। ਪ੍ਰਭੂ-ਸੱਤਾ ਨੂੰ ਕਾਇਮ ਰਖਿਆ, ਜਿਸਦਾ ਪਰਤਖ ਸਬੂਤ ਜ਼ਫਰਨਾਮੇ ਦੀਆਂ ਇਨ੍ਹਾਂ ਸਤਰਾਂ ਤੋਂ ਮਿਲਦਾ ਹੈ:—

**ਫਾਰਸੀ**

ਹੁਮਾ ਰਾ ਕਸੇ ਸਾਯਾ ਆਯਦ ਬਜ਼ੇਰ ॥
ਬਰੋ ਦਸਤ ਦਾਰਦ ਨ ਜ਼ਾਗੇ ਦਲੇਰ ॥੧੬॥
ਕਸੇ ਪੁਸ਼ਤ ਉਫਤਦ ਪਸੇ ਸ਼ੇਰਿ ਨਰ ॥
ਨ ਗੀਰਦ ਬੁਜ਼ੋ, ਮੇਸ਼ੋ, ਆਹੂ ਗੁਜ਼ਰ ॥੧੭॥
ਕਿ ਕਾਜ਼ੀ ਮਰਾ ਗੁਫ਼ਤ ਬੇਰੂੰ ਨਯਮ ॥
ਅਗਰ ਰਾਸਤੀ ਖ਼ੁਦ ਬਿਯਾਰੀ ਕਦਮ ॥੫੬॥

**ਪੰਜਾਬੀ**

ਜੇ ਕੋਈ ਹੁਮਾ ਪੰਛੀ ਦੇ ਸਾਏ ਥਲੇ ਆ ਜਾਏ ਤਾਂ ਉਸਨੂੰ ਕਾਂ ਹੱਥ ਨਹੀਂ ਪਾ ਸਕਦਾ ॥੧੬॥

ਜੇ ਕੋਈ ਸ਼ੇਰ ਦੀ ਸ਼ਰਨ ਲੈ ਲੈਂਦਾ ਹੈ ਤਾਂ ਭੇਡਾਂ ਬਕਰੀਆਂ ਉਸਦੇ ਨੇੜਿਓਂ ਨਹੀਂ ਲੰਘ ਸਕਦੀਆਂ ॥੧੭॥

ਜੋ ਕੁਝ ਤੇਰੇ ਕਾਜ਼ੀ ਨੇ ਮੈਨੂੰ ਆ ਕੇ ਦਸਿਆ ਹੈ, ਮੈਂ ਉਸ ਤੋਂ ਬਾਹਰ ਨਹੀਂ, ਜੇ ਤੂੰ ਸਚਾਈ ਦੇ ਰਾਹ ਤੇ ਹੈਂ ਤਾਂ ਤੂੰ ਖ਼ੁਦ ਸਾਡੇ ਪਾਸ ਆ ॥੫੬॥

(ਨਾਨਕ ਮੀਰ ਮੁਗ਼ਲ ਮੀਰ ਨੂੰ ਦੀਨੇ ਕਾਂਗੜ ਵਿਖੇ ਆਉਣ ਦਾ ਸੱਦਾ ਦੇ ਰਹੇ ਹਨ।)



www.AKJ.Org

ਨ ਜ਼ੱਰਾ ਦਰੀਂ ਰਾਹ ਖ਼ਤਰਾ ਤੁਰਾਸਤ ॥
ਹਮਾ ਕੌਮਿ ਬੈਰਾੜ ਹੁਕਮੇ ਮਰਾਸਤ ॥੫੯॥
(ਜ਼ਫ਼ਰਨਾਮਾ ਪਾਤਸ਼ਾਹੀ ੧੦)

ਤੈਨੂੰ ਇਸ ਰਸਤੇ ਆਉਣ ਵਿਚ ਕਿਸੇ ਕਿਸਮ ਦਾ ਕੋਈ ਖ਼ਤਰਾ ਨਹੀਂ, ਕਿਉ ਕਿ ਇਥੇ ਦੀ ਸਾਰੀ ਬਰਾੜ ਕੌਮ ਮੇਰੇ ਅਧੀਨ ਹੈ ॥੫੯॥

ਇਨ੍ਹਾਂ ਸਤਰਾਂ ਤੋਂ ਨਾਨਕ ਮੀਰ ਦੀ ਦਸਵੇਂ ਜਾਮੇ ਵਿਚ ਪ੍ਰਭੂ-ਸੱਤਾ ਦੇ ਦਰਸ਼ਨ ਹੁੰਦੇ ਹਨ। ਦਸਮੇਸ਼ ਜੀ ਸਰਬੰਸ ਤੇ ਅਨੇਕਾਂ ਸਿੰਘ ਵਾਰ ਕੇ ਅਤੇ ਮਾਛੀਵਾੜਾ ਦੇ ਜੰਗਲ ਵਿਚ ਨੰਗੇ ਪੈਰੀਂ ਕੰਡਿਆਲੇ ਪੈਂਡੇ ਝਾਗਦੇ ਹੋਏ ਭੀ ਹਾਰੇ ਨਹੀਂ। ਦਿੱਲੀ ਦੇ ਸ਼ਹਿਨਸ਼ਾਹ ਦੀ ਕਿਸੇ ਕਿਸਮ ਦੀ ਈਨ ਨਹੀਂ ਮੰਨੀ। ਜ਼ਫ਼ਰਨਾਮੇ ਦਾ ਉਤਰ ਦੇਣ ਤੋਂ ਪਹਿਲਾਂ ਹੀ ਔਰੰਗਜ਼ੇਬ ਚਲ ਵਸਿਆ।

ਇਤਿਹਾਸ ਹੈਰਾਨ ਹੈ ਕਿ ਜਹਾਂਗੀਰ, ਪਿਤਾ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਦਾ ਹੈ, ਪਰ ਮਗਰੋਂ ਗੁਰੂ ਹਰਿਗੋਬਿੰਦ ਜੀ ਨਾਲ ਮਿਤਰਤਾ ਗੰਢ ਲੈਂਦਾ ਹੈ। ਔਰੰਗਜ਼ੇਬ ਸਤਿਗੁਰਾਂ ਦੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਦਾ ਹੈ ਤੇ ਦਸਮੇਸ਼ ਜੀ ਨੂੰ ਖ਼ਤਮ ਕਰਨ ਲਈ ਪੂਰੀ ਵਾਹ ਲਾ ਦਿੰਦਾ ਹੈ, ਪਰ ਉਸਦਾ ਪੁਤਰ ਬਹਾਦਰ ਸ਼ਾਹ ਗੁਰੂ ਗੋਬਿੰਦ ਜੀ ਨਾਲ ਮਿਤਰਤਾ ਪਾ ਲੈਂਦਾ ਹੈ। ਬਰਾਬਰ ਦਾ ਦਰਜਾ ਦੇ ਕੇ ਪੂਰਨ ਆਦਰ ਕਰਦਾ ਹੈ। ਨਾਦੇੜ ਵਿਖੇ ਇਕ ਵਡੀ ਸਾਰੀ ਜਾਗੀਰ ਸਤਿਗੁਰਾਂ ਦੇ ਨਾਂ ਲਾ ਦਿੰਦਾ ਹੈ। ਸਰਕਾਰੀ ਦਸਤੂਰ ਮੂਜਬ ਸਤਿਗੁਰਾਂ ਦੇ ਜੋਤੀ ਜੋਤਿ ਸਮਾਉਣ ਤੋਂ ਮਗਰੋਂ ਮਿਸਲ ਬਹਾਦਰ ਸ਼ਾਹ ਦੇ ਪੇਸ਼ ਹੁੰਦੀ ਹੈ ਕਿ ਇਸ ਜਾਗੀਰ ਬਾਰੇ ਹੁਕਮ ਕੀਤਾ ਜਾਏ। ਬਹਾਦਰ ਸ਼ਾਹ ਹੁਕਮ ਸਾਦਰ ਕਰਦਾ ਹੈ ਕਿ ਅਸੀਂ ਦਰਵੇਸ਼ ਸਤਿਗੁਰੂ ਜੀ ਦੀ ਜਾਗੀਰ ਨੂੰ ਵਾਪਸ ਲੈ ਕੇ ਕਿੰਨੇ ਕੁ ਹੋਰ ਅਮੀਰ ਬਣ ਜਾਵਾਂਗੇ। ਜਾਗੀਰ ਹੁਣ ਭੀ ਸਤਿਗੁਰਾਂ ਦੇ ਨਾਮ ਟਿਕੀ ਹੋਈ ਹੈ। ਕਿਥੇ ਸ਼ਹੀਦੀਆਂ ਅਤੇ ਕਿਥੇ ਨਜ਼ਰਾਨੇ ਤੇ ਸਤਿਕਾਰ।

ਮੀਰੀ ਦੀ ਪ੍ਰਭੂ-ਸੱਤਾ ਵਿਚ ਪੀਰੀ ਦੀ ਪ੍ਰਭੂ-ਸੱਤਾ ਦਾ ਸੁਮੇਲ ਹੈ। ਮੀਰੀ-ਪੀਰੀ ਨੇ ਜਾਬਰ ਮੁਗ਼ਲਾਂ ਨੂੰ ਨਰਮ ਕਰਨ ਦਾ ਯਤਨ ਕੀਤਾ, ਪਰ ਮੁਗਲ ਤੇ ਇਸਲਾਮੀ ਸ਼ਰ੍ਹਾ ਹਮੇਸ਼ਾ ਕੁਝ ਕਰੜਾ ਰਵੱਈਆ ਧਾਰਨ ਕਰਦੀ ਰਹੀ ਹੈ। ਦਸਮੇਸ਼ ਜੀ ਨੇ ਮੀਰੀ ਪੀਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਪਨ ਕਰਕੇ ਜੁਗਤ ਖਾਲਸੇ ਨੂੰ ਬਖਸ਼ ਦਿਤੀ। ੧੬੦੬ ਈਸਵੀ ਦੀ ਪਹਿਲੀ ਗੁਰੂ-ਸ਼ਹੀਦੀ ਤੋਂ ਮਗਰੋਂ ਦੂਸਰੀ ਗੁਰੂ-ਸ਼ਹੀਦੀ ੧੬੭੫ ਈਸਵੀ ਵਿਚ ਹੋਈ ਹੈ। ਫਿਰ ਤਾਂ ਸਿੱਖਾਂ ਵਿਚ ਪਰਉਪਕਾਰ ਹਿਤ ਸ਼ਹੀਦ ਹੋਣ ਦਾ ਜਿਵੇਂ ਸਿਲਸਿਲਾ ਹੀ ਤੁਰ ਪਿਆ ਹੋਵੇ। ਜੋ ਹੁਣ ਤਕ ਸ਼ਹੀਦੀ ਜਾਰੀ ਹੈ। ਖਾਲਸਾ ਪੰਥ ਨੂੰ ਮੀਰੀ-ਪੀਰੀ ਨੇ ਜ਼ੁਲਮ ਤੇ ਜਬਰ ਵਿਰੁਧ ਦ੍ਰਿੜ੍ਹਤਾ ਸਹਿਤ ਖੜੇ ਹੋਣ ਦਾ ਉਪਦੇਸ਼ ਦਿੱਤਾ।

ਵੈਸੇ ਖਾਲਸਾ ਪੰਥ ਨਾਮ ਜਪਣ, ਸਤਿ, ਸੰਤੋਖ, ਦਇਆ, ਧਰਮ ਤੇ ਪਹਿਰਾ ਦੇਣ ਲਈ ਸਾਜਿਆ ਗਿਆ। ਪ੍ਰਭੂ-ਸੱਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਪਤ ਰੂਪ ਵਿਚ ਵਿਦਮਾਨ ਹੈ। ਖਾਲਸਾ ਹੁਣ ਭੀ ਆਪਣੇ ਆਪ ਨੂੰ ਅਕਾਲ ਪੁਰਖ ਦੀ ਫ਼ੋਜ ਸਮਝਦਾ ਹੈ। ਦਸਮੇਸ਼ ਪਿਤਾ ਨੇ ਖਾਲਸੇ ਨੂੰ ਇਕ ਚਿਤਾਵਨੀ ਦਿਤੀ ਸੀ—

ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ ॥
ਜਬ ਇਹ ਗਹੇ ਬਿਪਰਨ ਕੀ ਰੀਤ ॥ ਮੈਂ ਨ ਕਰੋਂ ਇਨ ਕੀ ਪਰਤੀਤ ॥

ਇਉਂ ਨਾਨਕ ਜੋਤਿ ਨੇ ਸੰਸਾਰ ਨੂੰ ਦੋਵੇਂ ਰੂਪ ਦਿਖਾਏ। ਪੀਰ ਦੇ ਰੂਪ ਵਿਚ ਆਪ ਨੂੰ ਮਹਾਨ ਪੀਰ ਦਾ ਸਤਿਕਾਰ ਪ੍ਰਾਪਤ ਹੋਇਆ ਤੇ ਮੀਰ ਦੇ ਰੂਪ ਵਿਚ ਆਪ ਨੇ ਉਹ ਆਦਰਸ਼ਕ ਮਨੁੱਖ ਤਿਆਰ ਕੀਤਾ ਜੋ ਸਿਪਾਹੀ ਭੀ ਹੈ, ਧਰਮੀ ਭੀ ਹੈ ਤੇ ਧਰਮ ਰਖਿਅਕ ਭੀ। ਉਹ ਭਗਤ ਗਿਆਨੀ ਭੀ ਹੈ ਤੇ ਅਕਾਲ ਪੁਰਖ ਦਾ ਫ਼ੋਜੀ ਭੀ ਹੈ। ਉਹ ਡਰਦਾ ਕਿਸੇ ਤੋਂ ਭੀ ਨਹੀਂ ਤੇ ਇਥੇ ਰਹਿ ਕੇ ਡਰਾਉਂਦਾ ਭੀ ਕਿਸੇ ਨੂੰ ਨਹੀਂ। ਖ਼ਾਲਸੇ ਦਾ ਇਹ ਰੋਲ ਸਦੀਵ-ਕਾਲ ਤਕ ਇਉਂ ਹੀ ਚਲਦਾ ਰਹੇਗਾ।


www.AKJ.Org

# ਅਕਾਲੀ ਕੌਰ ਸਿੰਘ ਜੀ ਵਲੋਂ ਗੁਰੂ-ਡੰਮ ਵਿਰੁੱਧ ਮੁਹਿੰਮ

[ਵਲੋਂ—ਸ: ਅਤਰ ਸਿੰਘ ਜੀ]

ਅਕਾਲੀ ਜੀ ਚਕਾਰ ਪੁਜੇ ਤਾਂ ਇਥੇ ਭਾਈ ਹੀਰਾ ਸਿੰਘ ਜੀ ਅਤੇ ਗਿ: ਲਾਲ ਸਿੰਘ ਜੀ ਅਗੇ ਹੀ ਗੁਰਮਤਿ ਪਰਚਾਰ ਵਿਚ ਜੁਟੇ ਹੋਏ ਸਨ, ਪਰੰਤੂ ਇਹਨਾਂ ਨੂੰ ਕੁਝ ਸਫਲਤਾ ਪ੍ਰਾਪਤ ਨਾ ਹੋਈ। ਅਕਾਲੀ ਜੀ ਨੇ ਇਹਨਾਂ ਨੂੰ ਨਾਲ ਰਲਾ ਲਿਆ ਤੇ ਇਕੱਠੇ ਹੀ ਗੁਰਮਤਿ ਅਥਵਾ ਅੰਮ੍ਰਿਤ ਪਰਚਾਰ ਵਿਚ ਜੁਟ ਪਏ। ਇਹਨਾਂ ਹੀ ਦਿਨਾਂ ਚਿ ਸੰਤ ਸਾਹਿਬ ਭਾਈ ਮੋਹਰ ਸਿੰਘ (ਪੁਣਛ ਗੱਦੀ) ਚਕਾਰ ਆ ਪੁਜੇ। ਇਧਰ ਅਕਾਲੀ ਜੀ ਪੂਰਨ ਗੁਰਮਰਯਾਦਾ ਅਨੁਸਾਰ ਖੰਡੇ ਦੀ ਪਾਹੁਲ ਦਾ ਪਰਚਾਰ ਕਰਦੇ ਸਨ, ਉਧਰ ਤਾਂ ਸੰਤ ਸਾਹਿਬ ਚਰਨ-ਪਾਹੁਲ ਦਿੰਦੇ ਸਨ। ਮਾਮਲਾ ਸਖ਼ਤ ਬਣ ਗਿਆ। ਸੰਤ ਸਾਹਿਬ ਜੀ ਦੇ ਸ਼ਰਧਾਲੂ ਸਿੰਘ, ਸੰਤਾਂ ਦੀ ਪਾਹੁਲ ਨੂੰ ਚੰਗਾ ਆਖਣ ਤੇ ਹੋਰ ਸਿੰਘ ਗੁਰਮਰਯਾਦਾ ਦੀ ਪਾਹੁਲ ਠੀਕ ਦਰਸਾਉਣ। ਆਖ਼ਰ ਫ਼ੈਸਲਾ ਹੋਇਆ ਕਿ ਸੰਤ ਸਾਹਿਬ ਤੇ ਅਕਾਲੀ ਜੀ ਹੀ ਨਜਿੱਠਣ ਕਿ ਕਿਹੜੀ ਪਾਹੁਲ ਠੀਕ ਹੈ। ਆਪਸ ਵਿਚ ਬੜੀ ਬਹਿਸ ਹੋਈ। ਸੰਤ ਸਾਹਿਬ ਜੀ ਨੇ ਚਰਨ ਪਾਹੁਲ ਹੀ ਇਕ ਪੁਰਾਤਨ ਰੀਤੀ ਦਸੀ ਤਾਂ ਅਕਾਲੀ ਜੀ ਨੇ ਇਕ ਵਿਦਵਤਾ ਭਰਿਆ ਵਖਿਆਨ ਅੰਮ੍ਰਿਤ ਪਰਚਾਰ, ਗੁਰਮਰਯਾਦਾ ਅਨੁਸਾਰ ਅਨੰਦ-ਕਾਰਜ, ਜੰਮਣ ਮਰਨ ਸੰਸਕਾਰ ਆਦਿਕ ਪਰ ਦਿਤਾ ਤੇ ਰਹਿਤ-ਨਾਮਿਆਂ ਦੇ ਹਵਾਲੇ ਦੇ ਕੇ ਸਿਧ ਕਰ ਦਿਤਾ ਕਿ 'ਪੀਓ ਪਾਹੁਲ ਖੰਡੇ ਧਾਰ' ਵਾਲੀ ਅੰਮ੍ਰਿਤ ਮਰਯਾਦਾ ਹੀ ਪੂਰਨ ਗੁਰਮਤਿ ਹੈ। ਸੰਤ ਸਾਹਿਬ ਵੀ ਭਾਸ਼ਣ ਸੁਣ ਕੇ ਨਾ-ਸਿਰਫ ਪ੍ਰਸੰਨ ਹੀ ਹੋਏ ਸਗੋਂ ਅਗੋਂ ਨੂੰ ਇਸੇ ਹੀ ਧਾਰਨਾ ਦੇ ਧਾਰਨੀ ਬਣ ਗਏ। ਸਭ ਤੋਂ ਪਹਿਲੀ ਵੇਰ ਇਥੇ ਸਭਨਾਂ ਨੇ ਮਿਲ ਕੇ ਖੰਡੇ ਦਾ ਅੰਮ੍ਰਿਤ ਤਿਆਰ ਕਰ ਕੇ ਅਭਲਾਸ਼ੀ ਸਜਣਾਂ ਨੂੰ ਛਕਾਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੱਚੇ ਅਰਥਾਂ ਵਿਚ ਪ੍ਰਗਟ ਗੁਰਾਂ ਕੀ ਦੇਹ ਸਮਝਣਾ ਆਪ ਦੇ ਹੀ ਹਿਸੇ ਆਇਆ ਸੀ। ਇਕ ਵੇਰ ਆਪ ਆਸ਼ਰਮ ਦੇ ਕੰਮਾਂ ਕਾਰਾਂ ਚੋਂ ਫ਼ਾਰਗ਼ ਹੋ ਕੇ ਰਾਤ ਨੂੰ ਸੌਂ ਗਏ ਤਾਂ ਅਧੀ ਰਾਤੀ ਅਚਾਨਕ ਜਾਗ ਉਠੇ, ਤੇ ਗ੍ਰੰਥੀ ਸਾਹਿਬ ਭਾ: ਦਲੀਪ ਸਿੰਘ ਜੀ ਨੂੰ ਜਾ ਜਗਾਇਆ ਤੇ ਕਿਹਾ, 'ਉਠੋ ਸਿੰਘ ਸਾਹਿਬ, ਸਾਵਧਾਨ ਹੋ ਜਾਓ। ਇਸ਼ਨਾਨ ਕਰੋ ਤੇ ਮਹਾਰਾਜ ਦਾ ਪ੍ਰਕਾਸ਼ ਕਰੋ।'

ਸਿੰਘ ਸਾਹਿਬ ਭਾਈ ਦਲੀਪ ਸਿੰਘ ਜੀ ਨੇ ਕਿਹਾ, "ਅਜੇ ਤਾਂ ਜੀ ਬਹੁਤ ਰਾਤ ਰਹਿੰਦੀ ਹੈ, ਅਜ ਇਤਨੀ ਜਲਦੀ ਕੀ ਲੋੜ ਪਈ ਹੈ ਮਹਾਰਾਜ ਪ੍ਰਕਾਸ਼ ਕਰਨ ਦੀ?"

ਅਕਾਲੀ ਜੀ ਨੇ ਕਿਹਾ, ਸਿੰਘ ਸਾਹਿਬ, 'ਬਚਨ ਮੰਨੋ ਤੇ ਪ੍ਰਕਾਸ਼ ਕਰੋ।' ਭਾਈ ਸਾਹਿਬ ਨੇ ਮਜਬੂਰ ਹੋ ਕੇ ਇਸ਼ਨਾਨ ਕਰਕੇ ਪ੍ਰਕਾਸ਼ ਕੀਤਾ ਤਾਂ ਕੀ ਵੇਖਦੇ ਹਨ ਕਿ ਮਹਾਰਾਜ ਦਾ ਇਕ ਵਰਕਾ ਦੋਹਰਾ ਹੋ ਗਿਆ ਸੀ। ਆਪ ਨੇ ਵਰਕਾ ਸਿਧਾ ਕਰਵਾ ਦਿੱਤਾ ਤੇ ਕਿਹਾ, "ਸਿੰਘ ਸਾਹਿਬ, ਧਿਆਨ ਰਖਿਆ ਕਰੋ।"

੧੯੨੪ ਈ: ਵਿਚ ਆਪ ਨੇ ਜਥੇਦਾਰ ਕਪੂਰ ਸਿੰਘ ਜੀ ਤੇ ਹੋਰ ਮੁਜ਼ਫਰਾਵਾਦ ਦੇ ਉਘੇ ਸਜਣਾਂ ਨੂੰ ਨਾਲ ਲੈ ਕੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਨਲੂਛੀ ਅਤੇ ਗੁਰਦੁਆਰਾ ਗੁਫਾ ਸਾਹਿਬ ਥੜਿਆਂ ਪਰ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਵਾਏ। ਇਥੋਂ ਹੋ ਆਪ ਸ੍ਰੀਨਗਰ ਪੁਜੇ। ਸ੍ਰੀਨਗਰ ਵਿਖੇ ਗੁਰਦੁਆਰਾ ਸ੍ਰੀ ਛਟੀ ਪਾਤਸ਼ਾਹੀ ਮਾਤਾ ਭਾਗ ਭਰੀ ਨੂੰ ਨਿਹਾਲ ਕਰਨ ਸਮੇਂ ਸਤਿਗੁਰੂ ਛੇਵੇਂ ਪਾਤਸ਼ਾਹ ਜਿਥੇ ਬਿਰਾਜੇ ਸਨ, ਉਥੇ ਥੜਾ ਸਾਹਿਬ ਸੀ, ਆਪ ਜੀ ਨੇ ਉਦਮ ਕਰ ਕੇ ਉਸ ਥੜੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਸ਼ੋਭਤ ਕਰਵਾਏ। ਇਹ ਕਾਰਜ ਇਕ ਤਰ੍ਹਾਂ ਲਹਿਰ ਚਲਾ ਕੇ ਹੀ ਕੀਤਾ, ਜਿਤਨੇਂ ਕਸ਼ਮੀਰ ਵਿਚ ਸੰਤ-ਡੇਰੇ ਗੁਫਾਵਾਂ ਆਦਿ ਸਨ, ਸਭ ਥਾਵਾਂ ਤੇ ਸ੍ਰੀ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਕਰਵਾਏ। ਜਿਸ ਨਾਲ ਗੱਦੀ-ਧਾਰੀਆਂ ਸੰਤਾਂ ਮਹੰਤਾਂ ਨੂੰ ਕਾਫ਼ੀ ਦੁਖ ਹੋਇਆ।

ਪੰਥ ਵਿਚੋਂ ਗੁਰੂ-ਡੰਮ ਉਡਾਣ ਵਾਸਤੇ ਆਪ ਨੇ ਨਿਰ-ਸੰਕੋਚ ਨਿਗਰ ਕੰਮ ਇਹ ਅਰੰਭਿਆ ਕਿ ਹਰ ਥਾਂ



www.AKJ.Org

ਪੰਥ ਵਿਚ "ਗੁਰੂ ਸਾਹਿਬ ਜੀ ਦੇ ਗੁਰਿਆਈ ਮਿਲਣ ਦਾ ਪੁਰਬ" ਬੜੇ ਭਾਰੇ ਪੈਮਾਨੇ ਤੇ, ਗੁਰ ਨਾਨਕ ਅਵਤਾਰ ਪੁਰਬ ਅਤੇ ਦਸਮੇਸ਼ ਜੀ ਦੇ ਪ੍ਰਕਾਸ਼ ਉਤਸਵ ਸਪਤਮੀ ਦੀ ਤਰ੍ਹਾਂ ਹੀ ਮਨਾਏ ਜਾਣ ਦਾ ਪ੍ਰਚਾਰ ਕੀਤਾ।

ਅਕਾਲੀ ਜੀ ਦਾ ਇਹ ਵਿਚਾਰ ਸੀ ਕਿ ਗੁਰੂ-ਡੰਮ ਹਟ ਜਾਣ ਤੋਂ ਇਲਾਵਾ ਅਨਮਤੀ ਲੋਕਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਦੇ ਗੁਰਪੁਰਬ ਮਨਾਉਣ ਦਾ ਪ੍ਰਚਾਰ ਵਧਦਾ ਗਿਆ ਤਾਂ ਉਹ ਦਿਨ ਦੂਰ ਨਹੀਂ ਹੋਵੇਗਾ ਜਦ ਕਿ ਲੋਕਾਂ ਵਿਚ ਗੁਰੂ-ਡੰਮ ਦਾ ਖ਼ਿਆਲ ਆਪੇ ਹੀ ਖ਼ਤਮ ਹੋ ਜਾਏਗਾ।

ਆਪ ਇਸ ਗੁਰੂ ਗ੍ਰੰਥ ਗੁਰਗੱਦੀ ਦੇ ਗੁਰਪੁਰਬ ਨੂੰ ਚਕਾਰ ਆਸ਼ਰਮ ਵਿਚ ਬੜੇ ਵਡੇ ਪੈਮਾਨੇ ਤੇ ਮਨਾਇਆ ਕਰਦੇ ਸਨ। ੧੯੪੭ ਦੇ ਘਲੂਘਾਰੇ ਉਪਰੰਤ ਆਪ ਨੇ ਇਹ ਦਿਨ ਪੰਜਾਬ ਵਿਚ ਕਈ ਥਾਈਂ ਮਨਾਏ ਜਾਣ ਦੇ ਉਦਮ ਅਰੰਭ ਕਰਾਏ।

੧੯੨੪ ਈ: ਦੀ ਗੱਲ ਹੈ ਕਿ ਬਾਬਾ ਗੁਰਬਖਸ਼ ਸਿੰਘ ਜੀ ਬੇਦੀ ਕਸ਼ਮੀਰ ਆਏ ਤੇ ਗੁਰਦੁਆਰਾ ਸ੍ਰੀ ਛੇਵੀਂ ਪਾਤਸ਼ਾਹੀ ਪੁੱਜੇ। ਆਪ ਨੇ ਆਪਣਾ ਆਸਣ ਲਗਵਾਇਆ। (ਉਹਨਾਂ ਦਿਨਾਂ ਵਿਚ ਇਹ ਬੇਦੀ ਬਾਵੇ ਆਸਣ ਲਗਾ ਕੇ ਗੁਰਦੁਆਰਿਆਂ ਵਿਚ ਬੈਠਦੇ ਸਨ)। ਅਕਾਲੀ ਜੀ, ਜੋ ਇਥੇ ਪਹਿਲੇ ਹੀ ਪੁਜੇ ਹੋਏ ਸਨ, ਨੇ ਇਹਨਾਂ ਨੂੰ ਗੱਦੀ ਲਾਉਣ ਤੋਂ ਰੋਕ ਦਿੱਤਾ। ਇਸ ਪਰ ਬਾਵਾ ਜੀ ਬੜੇ ਗਰਮ ਹੋਏ ਤਾਂ ਅਕਾਲੀ ਜੀ ਨੇ ਸਫ਼ਾ-ਜੰਗ ਫੜੀ (ਉਹਨਾਂ ਦਿਨਾਂ ਚਿ ਆਪ ਸਫ਼ਾ-ਜੰਗ ਰਖਦੇ ਸਨ) ਤੇ ਅਗੇ ਆ ਖੜੋਤੇ ਤੇ ਕਹਿਣ ਲਗੇ, "ਆਸਣ ਨਹੀਂ ਲਗੇਗਾ"। ਬਾਵਾ ਜੀ ਬੜੇ ਔਖੇ ਹੋਏ, ਤਾਂ ਆਪ ਨੇ ਕਿਹਾ ਕਿ ਅਗਰ ਇਸ ਤਰ੍ਹਾਂ ਹੀ ਗੱਦੀਆਂ ਉਤੇ ਬਠਣਾ ਹੈ ਤਾਂ ਆਪ ਤਾਬਿਆ ਸਜ ਜਾਓ। ਇਸ ਪਰ ਬਾਵਾ ਜੀ ਰਜ਼ਾਮੰਦ ਹੋ ਗਏ ਤੇ ਤਾਬਿਆ ਸਜ ਗਏ ਤੇ ਕਥਾ ਕਰਨ ਸਮੇਂ 'ਕਾਲੇ ਕਪੜੇ ਵਾਲਿਆਂ' ਦੇ ਬਾਰੇ (ਅਕਾਲੀ ਜੀ ਵਲ ਇਸ਼ਾਰਾ ਕਰ ਕੇ) ਉਹਨਾਂ ਨੂੰ ਬਹੁਤ ਕੁਝ ਕਿਹਾ। ਆਪ ਖ਼ਾਮੋਸ਼ ਬੈਠੇ ਪ੍ਰੇਮ ਨਾਲ ਸੁਣਦੇ ਰਹੇ ਤੇ ਆਖ਼ਰ ਪਰ ਅਕਾਲੀ ਜੀ ਨੇ ਕਿਹਾ, "ਬਾਵਾ ਜੀ, ਜੇ ਅਜਿਹੀ ਹੋਰ ਬਰਖਾ ਕਰਨੀ ਹੈ ਤਾਂ ਮੈਂ ਹਾਜ਼ਰ ਹਾਂ, ਪਰ ਗੁਰੂ ਕੀ ਹਜ਼ੂਰੀ ਵਿਚ ਆਸਣ ਲਗਾ ਕੇ ਬੈਠਣਾ ਉਚਿਤ ਨਹੀਂ।"

ਆਪ ਜਿੱਥੇ ਜਵਾਨਾਂ, ਬ੍ਰਿਧਾਂ, ਡੇਰੇਦਾਰਾਂ ਦੇ ਮਾਲਕਾਂ ਤੇ ਹੋਰ ਮਹਾਂ ਪੁਰਸ਼ਾਂ ਨੂੰ ਗੁਰਮਯਾਦਾ ਵਲ ਪ੍ਰੇਰਦੇ ਸਨ, ਉਥੇ ਨਵੇਂ ਪੋਚ ਵਲ ਖ਼ਾਸ ਤੌਰ ਪਰ ਧਿਆਨ ਦਿੰਦੇ ਸਨ। ਬੱਚਿਆਂ ਤੇ ਨੌਜਵਾਨਾਂ ਵਿਚ ਰਹਿਤ ਮਰਯਾਦਾ ਦਾ ਪ੍ਰਚਾਰ ਖ਼ਾਸ ਤੌਰ ਪਰ ਕਰਦੇ ਸਨ। ਬੱਚਿਆਂ ਨੂੰ ਫ਼ਤਹ ਗਜਾਣ ਦਾ ਢੰਗ, ਗੁਰੂ ਮਹਾਰਾਜ ਦੇ ਸਾਹਮਣੇ ਅਦਬ ਤੇ ਨਿਮਰਤਾ ਨਾਲ ਪੈਸਾ ਟੱਕਾ ਰਖ ਮੱਥਾ ਟੇਕਣ ਦੀ ਵਿਉਂਤ, ਗੁਰਦੁਆਰੇ ਵਿਖੇ ਚੌਂਕੜਾ ਮਾਰ ਕੇ ਬੈਠਣ ਆਦਿ ਦੇ ਅਦਬ ਦਸਦੇ ਸਨ ਤੇ ਪੰਜ ਕਕਾਰਾਂ ਦੀ ਰਹਿਤ ਮਰਯਾਦਾ ਸਮਝਾਂਦੇ ਸਨ। ਇਹਨਾਂ ਦੇ ਮਨਾਂ ਵਿਚ ਪੂਰਨ ਗੁਰਸਿੱਖ ਹੋਣ ਦਾ ਉਤਸ਼ਾਹ ਭਰਦੇ ਸਨ।

ਗੁਰਮਤਿ ਦੇ ਪ੍ਰਚਾਰਕਾਂ ਨੂੰ ਗੁਰਮਤਿ ਧਾਰਨਾ ਤੇ ਰਹਿਤ ਮਰਯਾਦਾ ਵਲ ਪ੍ਰੇਰਨਾ ਤੇ ਸਿੱਖ ਪੰਥ ਦੇ ਮੁਖੀਆਂ ਤੇ ਲੀਡਰਾਂ ਅਤੇ ਬੜੇ ਬੜੇ ਸਿੱਖ ਰਈਸਾਂ, ਰਾਜਿਆਂ ਤੇ ਮਹਾਰਾਜਿਆਂ ਨੂੰ ਬੜੇ ਪਿਆਰ ਨਾਲ ਅੰਦਰਖ਼ਾਨੇ ਸੱਚ ਆਖਣਾ ਤੇ ਉਹਨਾਂ ਦੀ ਪੋਪਟ ਲੀਲ੍ਹਾ ਤੋਂ ਪਰਦਾ ਲਾਹੁਣ ਦਾ ਕੰਮ ਆਪ ਜੀ ਬੜੀ ਨਿਧੜਕਤਾ ਨਾਲ ਕਰਦੇ ਸੀ। ਉਸ ਵੇਲੇ ਮਾਨੋ ਅਕਾਲੀ ਫੂਲਾ ਸਿੰਘ ਦੀ ਰੂਹ ਆਪ ਅੰਦਰ ਕੰਮ ਕਰ ਰਹੀ ਹੁੰਦੀ ਸੀ। ਕਦੀ ਕਦੀ ਪਿਆਰ ਨਾਲ ਯੋਗ ਸਮਝ ਕੇ ਤਾੜਨਾ ਭੀ ਕਰ ਦਿੰਦੇ ਸਨ, ਜੋ ਐਸੇ ਹੀ ਨਿਰਲੋਭ, ਨਿਰਇਛਤ ਤੇ ਚੁਪ ਕੀਤੇ ਕੰਮ ਕਰਨ ਵਾਲੇ ਗੰਭੀਰ ਪ੍ਰਭਾਵਸ਼ਾਲੀ ਗੁਰਮੁਖਾਂ ਪਾਸੋਂ ਹੀ ਹੋ ਸਕਦਾ ਹੈ।

ਇਕ ਵਾਰੀ ਇਕ ਬੜੇ ਮੁਖੀ ਸਿੱਖ ਰਈਸ, ਇਕ ਬੜੇ ਭਾਰੇ ਪੰਥਕ ਇਕੱਠ ਦੇ ਪ੍ਰਧਾਨ ਚੁਣੇ ਗਏ। ਉਹ ਦਾੜ੍ਹੇ ਨੂੰ ਵਸਮਾ ਲਾਉਂਦੇ ਸਨ। ਬੜੀ ਜੁਰਅਤ ਨਾਲ ਉਹਨਾਂ ਦੀ ਸੁਧਾਈ ਲਈ ਆਪ ਡੱਟ ਗਏ ਤੇ ਅਗੇ ਨੂੰ ਪ੍ਰਣ ਲੈ ਕੇ ਹੀ ਖਹਿੜਾ ਛਡਿਆ। ਇਕ ਬੜੇ ਮੰਨੇ-ਪ੍ਰਮੰਨੇ ਸੰਤ ਜੀ ਦੇ ਜ਼ਿਮੇ ਲਾਇਆ ਕਿ ਤੁਸੀਂ ਇਹਨਾਂ ਨਾਲ ਇਕੱਠੇ ਸਫ਼ਰ ਕਰੋ ਤੇ ਰਸਤੇ ਵਿਚ ਪ੍ਰੇਮ ਨਾਲ ਸਮਝਾਉਣਾ ਤੇ ਠੀਕ ਰਸਤੇ ਪਾਉਣਾ, ਤਾਕਿ ਇਹ ਪੂਰਨ ਗੁਰਸਿਖ


www.AKJ.Org

ਬਣ ਕੇ ਗੁਰੂ ਘਰ ਦੀ ਹੋਰ ਸੇਵਾ ਕਰ ਸਕਣ ਤੇ ਦੂਜੇ ਲੋਕ ਵੀ ਇਹਨਾਂ ਦੇ ਜੀਵਨ ਤੋਂ ਫ਼ਾਇਦਾ ਉਠਾਣ। ਅਜਿਹੇ ਸੋਧ-ਸੁਧਾਈ ਦੇ ਕੰਮ ਕਰਨ ਵਾਲੇ ਗੁਰਮੁਖ ਗੁਰਸਿਖ ਅਕਾਲੀ ਜੀ ਹੀ ਸਨ।

ਗੁਰ-ਤਖਤਾਂ ਤੇ ਹੋਰ ਗੁਰ ਅਸਥਾਨਾਂ ਦੀ ਮਰਯਾਦਾ ਅਤੇ ਪਰੰਪਰਾ ਤੋਂ ਚਲੀ ਆਈ ਰਹੁ-ਰੀਤੀ ਚੰਗੀ ਤਰ੍ਹਾਂ ਜਾਚਣਾ ਤੇ ਉਹਨਾਂ ਦੀਆਂ ਭੁੱਲਾਂ ਨੂੰ ਸੋਧਣਾ ਮਾਨੋ ਆਪ ਦਾ ਫ਼ਰਜ਼ ਹੀ ਬਣ ਗਿਆ ਸੀ। ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧ ਵਿਚ ਜੋ ਜੋ ਤਰੁੱਟੀਆਂ ਆਈਆਂ ਤੇ ਸੁਧਾਰ ਲਾਇਕ ਗੱਲਾਂ ਸਨ, ਆਪ ਨੇ ਇਕ ਪੁਸਤਕ 'ਹਜ਼ੂਰੀ ਸਾਥੀ' ਰਾਹੀਂ ੧੯੬੯ ਵਿਚ ਛਾਪ ਕੇ ਸੰਗਤਾਂ ਤਕ ਪਹੁੰਚਾਈਆਂ। ਇਸ ਸੁਧਾਈ ਲਈ ਆਪ ਨੇ ਪੂਰਨ ਯਤਨ ਕੀਤੇ—ਸ੍ਰੀ ਹਜ਼ੂਰ ਸਾਹਿਬ 'ਸੁਖੇ' ਦਾ ਭੋਗ ਭੀ ਆਪ ਨੇ ਉਸ ਸਮੇਂ ਹਟਾਣ ਵਿਚ ਸਫਲਤਾ ਪਾ ਲਈ। ਗੁਰਦੁਆਰਿਆਂ ਦੇ ਪ੍ਰਬੰਧ ਗੁਰ-ਮਰਯਾਦਾ ਨਾਲ ਚਲਾਣ ਵਿਚ, ਆਪ ਦੇ ਕਈ ਥਾਈਂ ਯਤਨ ਸਫਲ ਹੋਏ ਅਤੇ ਕਈ ਥਾਈਂ ਸਿਖ ਸੰਗਤਾਂ ਨੂੰ ਪ੍ਰੇਰ ਕੇ ਬੀਜ ਰੂਪ ਵਿਚ ਵਿਚਾਰ ਦਿੱਤੇ, ਜੋ ਹੌਲੀ ਹੌਲੀ ਵਧਦੇ ਫੂਲਦੇ ਰਹੇ। ਅਰਦਾਸੇ ਦੀ ਮਹਾਨਤਾ ਨੂੰ ਕਾਇਮ ਰਖਣ ਲਈ ਅਤੇ ਗੁਰਮਤਯਾਦਾ ਦੀ ਕਾਮਯਾਬੀ ਲਈ ਆਪ ਸਭ ਕੁਝ ਕੁਰਬਾਨ ਕਰਨ ਲਈ ਤਤਪਰ ਰਹਿੰਦੇ ਸਨ। ਆਪ ਕਿਸੇ ਵਿਅਕਤੀ ਦੇ ਜਲੂਸ ਆਦਿ ਦੇ ਵੀ ਕਟੜ ਵਿਰੋਧੀ ਸਨ।

ਬਿ: ੨੦੦੦ ਦਾ ਵਾਕਿਆ ਹੈ ਕਿ ਮੁਜ਼ੱਫਰਾਬਾਦ ਵਿਖੇ ਇਕ ਧਾਰਮਿਕ ਤੇ ਪੋਲੀਟੀਕਲ ਕਾਨਫਰੰਸ ਹੋਣੀ ਨੀਯਤ ਹੋਈ, ਜਿਸ ਤੇ ਆਪ ਨੂੰ ਉਚੇਚਾ ਸੱਦਿਆ ਗਿਆ। ਉਸ ਸਮੇਂ ਨਗਰ-ਕੀਰਤਨ ਕਰਨ ਬਾਰੇ ਇਥੇ ਸੰਗਤਾਂ ਵਿਚ ਬੜਾ ਮਤ-ਭੇਦ ਪੈਦਾ ਹੋ ਗਿਆ, ਬੜੀ ਜਦੋ-ਜਹਿਦ ਹੋਈ, ਪ੍ਰੰਤੂ ਰਾਤ ਦੇ ਦੋ ਵਜੇ ਤਕ ਕਿਸੀ ਅੰਤਮ ਫ਼ੈਸਲੇ ਪਰ ਗੱਲ ਨਾ ਪੁਜੀ। ਵਿਤਕਰਾ ਇਸ ਗੱਲ ਦਾ ਸੀ ਕਿ ਅਕਾਲੀ ਜੀ ਤੇ ਵਿਹਨਾਂ ਦੇ ਹਮ-ਖ਼ਿਆਲੀ ਸੱਜਣ ਇਹ ਆਖਦੇ ਸਨ ਕਿ ਜਲੂਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਕਲੇ, ਪ੍ਰੰਤੂ ਕਈ ਸਿੰਘ ਸਮੇਂ ਦੇ ਜਥੇਦਾਰ ਸਰਦਾਰ ਕਪੂਰ ਸਿੰਘ ਜੀ ਦਾ ਜਲੂਸ ਕਢਣ ਪਰ ਜ਼ੋਰ ਲਾਂਦੇ ਸਨ। ਜਦ ਕੋਈ ਵੀ ਫ਼ੈਸਲਾ ਹੁੰਦਾ ਨਜ਼ਰ ਨਾ ਆਇਆ ਤਦ ਅਕਾਲੀ ਜੀ ਨੇ ਕਿਹਾ ਕਿ ਤੁਸੀਂ ਜਲੂਸ ਜਥੇਦਾਰ ਜੀ ਦਾ ਕਢ ਲਵੋ, ਪ੍ਰੰਤੂ ਮੈਂ ਸ਼ਾਮਲ ਨਹੀਂ ਹੋਵਾਂਗਾ।

ਜਦ ਬੜੀ ਮੁਸ਼ਕਲ ਦੇ ਹਾਲਾਤ ਪੈਦਾ ਹੋ ਗਏ ਤਾਂ ਉਸ ਵਕਤ ਦੇ ਸਟੇਜ-ਸੈਕਟਰੀ ਸ: ਮੋਹਨ ਸਿੰਘ ਜੀ ਨਿਰਮਾਣ, ਅਤੇ ਗਿਆਨੀ ਉਜਾਗਰ ਸਿੰਘ ਜੀ ਆਦਿ ਸਜਣਾਂ ਨੇ ਇਕ ਵਿਉਂਤ ਬਣਾਈ ਤੇ ਬੜੀ ਸਿਆਣਪ ਤੋਂ ਕੰਮ ਲਿਤਾ। ਇਹਨਾਂ ਨੂੰ ਪਤਾ ਸੀ ਕਿ ਅਕਾਲੀ ਜੀ ਗੁਰਮਤਿ ਅਸੂਲ ਦੇ ਸਾਹਮਣੇ ਸਿਰ ਨਿਵਾ ਦਿਤਾ ਕਰਦੇ ਹਨ, ਇਸ ਲਈ ਇਹਨਾਂ ਅਕਾਲੀ ਜੀ ਨੂੰ ਕਿਹਾ ਕਿ ਅਸੀਂ ਅਰਜ਼ ਕਰਨੀ ਹੈ ਤੇ ਇਹ ਸੁਣਨ ਤੋਂ ਬਾਅਦ ਜੋ ਫ਼ੈਸਲਾ ਆਪ ਦਿਉਗੇ, ਇਸ ਪਰ ਅਮਲ ਕੀਤਾ ਜਾਇਗਾ। ਉਸ ਪਰ ਅਸਾਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਅਕਾਲੀ ਜੀ ਨੇ ਕਿਹਾ, ਹਾਂ ਵੀਰ ਦੱਸੋ, ਕੀ ਗੱਲ ਹੈ। ਤਾਂ ਇਹਨਾਂ ਕਿਹਾ ਕਿ ਅਕਾਲੀ ਜੀ, ਜਲੂਸ ਇਸ ਸਮੇਂ ਜਥੇਦਾਰ ਸ: ਕਪੂਰ ਸਿੰਘ ਜੀ ਦਾ ਕਢਣਾ ਨੀਯਤ ਹੋ ਕੇ ਅਰਦਾਸਾ ਕੀਤਾ ਗਿਆ ਸੀ। ਹੁਣ ਇਸ ਮੁਸ਼ਕਲ ਨੂੰ ਹਲ ਕਰਨ ਲਈ, ਜਿਸ ਬਾਰੇ ਅਰਦਾਸਾ ਪਹਿਲਾਂ ਹੋ ਚੁਕਿਆ ਹੈ, ਉਹ ਗੱਲ ਪੂਰੀ ਕਰ ਲੈਣ ਦੇਵੋ, ਫਿਰ ਅਗੇ ਨੂੰ ਆਪ ਜੀ ਦੇ ਦਸੇ ਹੋਏ ਮਾਰਗ ਉਤੇ ਚਲਿਆ ਜਾਵੇਗਾ।

ਆਪ ਜੀ ਇਹ ਸੁਣ ਕੇ ਖੜੇ ਹੋ ਗਏ, ਤੇ ਹਾਜ਼ਰ ਸੰਗਤਾਂ ਪ੍ਰਤੀ ਅਰਦਾਸ ਦੀ ਮਹਾਨਤਾ ਵਜੋਂ ਇਕ ਪੁਰ-ਅਸਰ ਤਕਰੀਰ ਕੀਤੀ ਤੇ ਕਿਹਾ ਕਿ ਅਰਦਾਸਾ ਮੁਖ ਰਖੋ ਤੇ ਜਿਵੇਂ ਅਰਦਾਸਾ ਹੋ ਚੁਕਾ ਹੈ ਐਸਾ ਹੀ ਕੀਤਾ ਜਾਣਾ ਚਾਹੀਦਾ ਹੈ। ਮੇਰੀ ਬੇਨਤੀ ਤੇ ਅਗੇ ਨੂੰ ਅਮਲ ਕਰ ਲੈਣਾ।

ਇਥੇ ਇਕ ਹੋਰ ਵਾਕਿਆ ਪੇਸ਼ ਆਇਆ ਕਿ ਸ਼ਾਮ ਦੇ ਦੀਵਾਨ ਵਿਚ ਰਹਿਰਾਸ ਸਾਹਿਬ ਦਾ ਸਮਾਂ ਹੋ ਜਾਣ ਉਪਰੰਤ ਵੀ ਰਾਗੀ ਸਿੰਘ ਜੀ ਕੀਰਤਨ ਕਰੀ ਚਲੇ ਗਏ। ਆਪ ਕਾਫ਼ੀ ਇੰਤਜ਼ਾਰ ਮਗਰੋਂ ਬੇਸਬਰ ਹੋ ਗਏ ਤੇ ਅੰਤ ਕੀਰਤਨੀ ਜਥੇ ਨੂੰ ਇਕ ਪਰਚੀ ਲਿਖ ਕੇ ਘਲੀ, "ਸਿੰਘ ਸਾਹਿਬ, ਰਹਿਰਾਸ ਦਾ ਸਮਾਂ ਬਤੀਤ ਹੋ ਰਿਹਾ ਹੈ, ਇਹ ਰਹਿਰਾਸ ਸੋਦਰ ਪੜ੍ਹਨ ਦਾ ਸਮਾਂ ਹੈ, ਇਹ ਮਰਯਾਦਾ ਪੂਰੀ ਕਰ ਕੇ ਫਿਰ ਜੋ ਪ੍ਰੋਗਰਾਮ ਹੈ, ਕਰੀ ਚਲੋ।"



www.AKJ.Org

ਰਾਗੀ ਸਿੰਘਾਂ ਨੇ ਐਸਾ ਹੀ ਕੀਤਾ।

ਆਪ ਜੀ ਗੁਰਮਤਿ ਰਹਿਤ ਮਰਯਾਦਾ ਦੇ ਧਾਰਨੀ ਅਤੇ ਰਹੱਸ ਦੇ ਜਾਣੂ ਸਨ। ਉਹਨਾਂ ਦੀ ਇਸ ਰਹਿਤ-ਪਰਪੱਕਤਾ ਨੂੰ ਵੇਖ ਕੇ ਸਿੰਘ ਸਭਾਵਾਂ ਤੇ ਹੋਰ ਸੁਸਾਇਟੀਆਂ ਆਪ ਪਾਸੋਂ ਗੁਰਮਤਿ ਬਾਰੇ ਸੰਸੇ ਨਵਿਰਤ ਕਰਾਂਦੀਆਂ ਸਨ। ਆਪ ਦੇ ਐਸੇ ਗੁਰਮਤਿ ਨਿਰਣਿਆਂ ਨਾਲ ਲਿਖੇ ਕਾਗ਼ਜ਼ ਭਰੇ ਪਏ ਹਨ। ਗੁਰਮਤਿ ਦੇ ਪ੍ਰਚਾਰਕਾਂ ਨੂੰ ਅਛੀ ਤਰ੍ਹਾਂ ਅੰਦਰਖ਼ਾਨੇ ਸਮਝਾਂਦੇ ਸਨ ਤੇ ਆਪ ਦੀ ਸਿਖਸ਼ਾ ਨੂੰ ਲੈ ਕੇ ਉਹ ਬੜੇ ਪ੍ਰਸੰਨ ਹੁੰਦੇ ਸਨ।

ਗੁਰਮਤਿ ਰਹਿਤ ਮਰਯਾਦਾ ਦੇ ਪੱਕੇ ਧਾਰਨੀ ਹੋਣ ਕਰਕੇ ਆਪ ਦਾ ਪੰਥ ਦੇ ਹਰ ਹਲਕੇ ਵਿਚ ਬੜਾ ਸਨਮਾਨ ਸੀ। ਵਡੀਆਂ ਵਡੀਆਂ ਸਿੰਘ ਸਭਾਵਾਂ ਤੇ ਪੰਥਕ ਜਥੇਬੰਦੀਆਂ ਦੇ ਧਾਰਮਕ ਫੈਸਲੇ ਇਹਨਾਂ ਨੂੰ ਸ਼ਾਮਲ ਕੀਤੇ ਬਗੈਰ ਸ਼ਾਇਦ ਹੀ ਕੀਤੇ ਗਏ ਹੋਣ।

ਅ ਪ ਦੇ ਇਸੇ ਗੁਰਮਤਿ ਅਰੂੜ ਜੀਵਨ ਦੇ ਸਦਕੇ ਅਤੇ ਪੰਥ ਦੀ ਨਿਗਰ ਸੇਵਾ ਤੇ ਘਾਲਣਾ ਵਾਲਾ ਜੀਵਨ ਹੋਣ ਦੇ ਨਾਤੇ ਕਈ ਗੁਰੂ-ਮੰਦਰਾਂ ਦੀਆਂ ਨੀਹਾਂ ਰਖਾਈਆਂ ਗਈਆਂ। ਆਪ ਜੀ ਨੇ ਵਿਅਕਤੀ ਤੌਰ ਤੇ ਅਜਿਹਾ ਕਿਤੇ ਨਹੀਂ ਕੀਤਾ, ਪਰ ਪ੍ਰਧਾਨ ਅਸੂਲਾਂ ਦੇ ਧਾਰਨੀ ਹੁੰਦੇ ਹੋਇਆਂ ਨੀਂਹ-ਪੱਥਰ ਧਰਨ ਵਾਲੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੁੰਦੇ ਰਹੇ ਹਨ। ਹਜ਼ੂਰ ਸਾਹਿਬ ਦੇ ਕਈ ਗੁਰਧਾਮਾਂ ਦੀ ਸੇਵਾ ਕੀਤੀ। ਸ੍ਰੀ ਪੰਜਾ ਸਾਹਿਬ, ਸ੍ਰੀ ਦੂਖ ਨਿਵਾਰਨ ਸਾਹਿਬ, ਗੁਰੂ ਤੇਗ ਬਹਾਦਰ ਹਾਲ (ਪਟਿਆਲਾ) ਤੇ ਕਸ਼ਮੀਰ ਦੇ ਅਨੇਕ ਗੁਰਧਾਮਾਂ ਦੀਆਂ ਨੀਹਾਂ ਧਰਨ ਸਮੇਂ 'ਪੰਚ ਪ੍ਰਧਾਨ' ਸਿੰਘਾਂ ਵਿਚ ਸ਼ਾਮਲ ਹੋਏ।

ਗੁਰਦੁਆਰਾ ਪਹਿਲਗਾਮ (ਕਸ਼ਮੀਰ) ਦੀ ਨੀਂਹ ਰਖਣ ਦਾ ਇਕ ਦਿਲਚਸਪ ਵਾਕਿਆ ਹੈ। ਇਥੇ ਇਕ ਸਿੰਘ ਘਰਾਣੇ ਦੇ ਨਵੇਂ ਮਕਾਨ ਦੀ ਚੱਠ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪਿਆ ਤਾਂ ਆਪ ਨੇ ਹੁਕਮ ਕੀਤਾ, "ਸਿੰਘ ਸਾਹਿਬ ! ਇਕ ਪਰਾਤ ਕੜਾਹ ਪ੍ਰਸ਼ਾਦ ਦੀ ਵਾਧੂ ਤਿਆਰ ਰਖਣੀ।" ਪੁਛਣ ਦਾ ਹੀਆ ਤਾਂ ਕਿਸੇ ਨੂੰ ਨਾ ਪਿਆ, ਪਰ ਹੈਰਾਨੀ ਹੋਈ ਕਿ ਇਹ ਦੇਗ ਕਿਸ ਲਈ ਰਖਾਈ ਹੈ ? ਨਿਸ਼ਾਨ ਸਾਹਿਬ ਲਈ ਆਪ ਨੇ ਪਹਿਲਾਂ ਹੀ ਇਕ ਲੰਮਾ ਪੋਲ ਮੰਗਾ ਰਖਿਆ ਸੀ। ਆਪਣੀ ਜੇਬ ਵਿਚੋਂ ਕੁਝ ਮਾਇਆ ਕਢ ਕੇ ਇਕ ਸਿੰਘ ਦੇ ਹਵਾਲੇ ਕਰਦਿਆਂ ਕਿਹਾ, "ਸਿੰਘ ਸਾਹਿਬ, ਸਫ਼ੈਦ ਖੱਦਰ ਦਾ ਕਪੜਾ ਲੈ ਆਓ ਤੇ ਬਸੰਤੀ ਰੰਗਾਓ।" ਇਕ ਸਿੰਘ ਨੇ ਪੁਛ ਹੀ ਲਿਆ, ਮਹਾਰਾਜ ਕੀ ਕਰੋਗੇ ? ਤਾ ਆਪ ਨੇ ਕਿਹਾ, "ਸਿੰਘ ਸਾਹਿਬ, ਬਚਨ ਮੰਨਣ ਦੀ ਪਾਲਣਾ ਕਰੋ, ਫਿਰ ਦਸਾਂਗਾ।" ਚੁਨਾਚਿ ਐਸਾ ਹੀ ਕੀਤਾ ਗਿਆ। ਭੋਗ ਉਪਰੰਤ ਆਪ ਜੀ ਖੜੇ ਹੋ ਗਏ ਤੇ ਸੰਗਤ ਪ੍ਰਤੀ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ ਬੁਲਾਈ ਤੇ ਕਿਹਾ :

"ਸਾਧ ਸੰਗਤ ਜੀ, ਅਸੀਂ ਇਥੇ ਅਜ ਗੁਰੂ-ਅਸਥਾਨ ਬਣਾਣਾ ਹੈ, ਇਸ ਲਈ ਬਿਨੇ ਹੈ ਕਿ ਕੜਾਹ ਪ੍ਰਸ਼ਾਦ ਵੰਡੇ ਜਾਣ ਉਪਰੰਤ ਸਾਰੀ ਸੰਗਤ ਮਾਈ ਭਾਈ ਨਿਸ਼ਾਨ ਸਾਹਿਬ ਤੇ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਸ਼ਬਦ ਕੀਰਤਨ ਕਰਦੇ ਮੇਰੇ ਨਾਲ ਚਲੋ। ਸਾਰੀ ਸੰਗਤ ਨੇ ਪ੍ਰਸੰਨਤਾ ਪ੍ਰਗਟ ਕੀਤੀ ਤੇ ਸਬਦ ਕੀਰਤਨ ਕਰਦੇ ਹੋਏ ਉਥੇ ਜਾ ਪੁੱਜੇ, ਜਿਥੇ ਅੱਜ ਗੁਰਦੁਆਰਾ ਸਾਹਿਬ ਪਹਿਲਗਾਮ ਸਸ਼ੋਭਤ ਹੈ। ਆਪ ਨੇ ਅਰਦਾਸਾ ਸੋਧ ਕੇ ਨਿਸ਼ਾਨ ਸਾਹਿਬ ਗੱਡ ਦਿੱਤਾ ਤੇ ਕੜਾਹ ਪ੍ਰਸ਼ਾਦ ਵਰਤਿਆ। ਇਹ ਨਿਸ਼ਾਨ ਅੱਜ ਤਕ ਓਥੇ ਝੂਲ ਰਿਹਾ ਹੈ।

[ਜੀਵਨ ਬ੍ਰਿਤਾਂਤ ਅਕਾਲੀ ਕੌਰ ਸਿੰਘ ਜੀ


# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਮਤਿ ਬਿਬੇਕ | ੭-੫੦ | ਜੇਲ੍ਹ ਚਿਠੀਆਂ ੧੫-੦੦ ਰੰਗਲੇ ਸਜਣ | ੭-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਅਣਡਿਠੀ ਦੁਨੀਆ | ੧੦-੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ ? | ੩-੭੫ | ਸਚਖੰਡ ਦਰਸ਼ਨ | ੧-੭੫ |
| ਅਨਹਦ ਸ਼ਬਦ ਦਸਮ ਦੁਆਰ | ੬-੦੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੪-੦੦ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਅੰਮ੍ਰਿਤ ਕੀ ਹੈ ? | ੧-੦੦ |
| ਨਾਮ ਸੰਬੰਧੀ ਵਿਚਾਰ | ੦-੯੦ | ਸੁਪਨਾ ੦-੬੦ ਵਾਹਿਗੁਰੂ ਸਿਮਰਨ | ੦-੫੦ |
| ਆਸਤਕ ਤੇ ਨਾਸਤਕ | ੦-੩੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |


www.AKJ.Org

# ਜੀਵਨ ਝਲਕੀਆਂ ਡਾਕਟਰ ਸੁਰਿੰਦਰ ਸਿੰਘ ਜੀ

— ੧੧ —

[ਲੜੀ ਜੋੜਨ ਲਈ ਦੇਖੋ 'ਸੂਰਾ' ਮਾਸਕ ਪੱਤਰ ਜੁਲਾਈ ੧੯੮੪]

**ਭਾਈ ਸਾਹਿਬ ਸੂਰਤ ਸਿੰਘ (ਪੂਰਨ ਜੀ) ਅਤੇ ਬੀਬੀ ਭੂਪਿੰਦਰ ਕੌਰ (ਭੂਪ ਜੀ) ਨਾਲ ਮਿਲਾਪ—**

ਜਦੋਂ ਡਾਕਟਰ ਸੁਰਿੰਦਰ ਸਿੰਘ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਸੋਂ ਵਿਦਾ ਹੋ ਕੇ ਵਾਪਸ ਬੰਬੇ ਫ਼ਾਇਰ ਸਟੋਨ ਕੰਪਨੀ ਵਿਖੇ ਆਪਣੀ ਡਿਊਟੀ ਤੇ ਪੁਜੇ ਤਾਂ ਉਨ੍ਹਾਂ ਦੇ ਅੰਦਰ ਅਲੋਕਿਕ ਵੇਦਨਾ ਉਠ ਚੁਕੀ ਸੀ। ਹਰ ਵਕਤ ਕਰਕ ਕਲੇਜੇ ਰਹਿਣ ਲਗੀ। ਐਸੀ ਖਿੱਚ ਪਈ ਜਾਵੇ ਕਿ ਪ੍ਰੇਮ-ਰੰਗਾਂ ਵਿਚ ਹੀ ਲੀਨ ਰਹਿੰਦੇ। ਵੈਰਾਗ ਦੀ ਅਵਸਥਾ ਸੰਭਲੀ ਨਾ ਜਾਵੇ। ਮਾਇਆ ਦੀ ਖਿੱਚ ਹੀ ਮੁਕ ਗਈ ਅਤੇ ਮੁਖ ਤੋਂ ਇਹ ਹੀ ਬਚਨ ਨਿਕਲੀ ਜਾਣ, "ਕੋਈ ਜਨ ਹਰਿ ਸਿਉ ਦੇਵੈ ਜੋਰਿ।" ਕੁਝ ਦੇਰ ਇਸ ਤਰ੍ਹਾਂ ਹੀ ਵਿਚਰਦੇ ਰਹੇ।

ਡਾਕਟਰ ਜੀ ਨੂੰ ਡਿਊਟੀ ਤੇ, ਗੱਡੀ ਤੇ ਹੀ ਜਾਣਾ ਆਉਣਾ ਪੈਂਦਾ ਸੀ। ਪੂਰਨ ਜੀ ਵੀ ਉਹਨਾਂ ਦਿਨਾਂ ਵਿਚ ਬੰਬੇ ਹੀ ਸਨ ਅਤੇ ਉਹ ਵੀ ਉਸ ਹੀ ਗੱਡੀ ਤੇ ਰੋਜ਼ਾਨਾ ਜਾਇਆ ਕਰਦੇ ਸਨ। ਰਸਤੇ ਵਿਚ ਜਦ ਵੀ ਪੂਰਨ ਜੀ ਦੀ ਦ੍ਰਿਸ਼ਟੀ ਡਾਕਟਰ ਜੀ ਤੇ ਪੈਂਦੀ ਤਾਂ ਸੁਤੇ ਹੀ ਉਹ ਅੰਦਰੋ ਅੰਦਰ ਕਹਿ ਉਠਦੇ ਕਿ ਇਹ ਸਿੰਘ ਕੋਈ ਗੁਰਮੁਖੀ ਰੂਹ ਹੈ। ਉਹਨਾਂ ਦਿਨਾਂ ਵਿਚ ਡਾਕਟਰ ਜੀ ਪੂਰੇ ਸੂਟਿਡ ਬੂਟਿਡ ਹੋਇਆ ਕਰਦੇ ਸਨ, ਪਰ ਹੀਰੇ ਦੀ ਪਾਰਸ-ਮਈ ਚਮਕ ਤਾਂ ਉਵੇਂ ਹੀ ਰਹਿੰਦੀ ਹੈ ਭਾਵੇਂ ਜਿੱਥੇ ਮਰਜ਼ੀ ਪਿਆ ਹੋਵੇ।

ਇਕ ਦਿਨ ਪੂਰਨ ਜੀ ਗੱਡੀ ਵਿਚ ਬੈਠੇ ਸਨ ਤਾਂ ਡਾਕਟਰ ਜੀ ਵੀ ਇਹਨਾਂ ਦੇ ਕੋਲ ਹੀ ਬੈਠ ਗਏ ਅਤੇ ਬੜੀ ਹੀ ਧੀਮੀ ਆਵਾਜ਼ ਵਿਚ ਪੁਛਿਆ ਨੇ, "ਭਾਈ ਸਾਹਿਬ ਜੀ, ਤੁਸੀਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਜਾਣਦੇ ਹੋ?" ਪੂਰਨ ਜੀ ਦਾ ਉਤਰ ਸੀ, "ਜੀ, ਬਹੁਤ ਅਛੀ ਤਰ੍ਹਾਂ।" ਤਦ ਤਾਂ ਤੁਸੀਂ ਬਾਊ ਮੱਲ ਸਿੰਘ ਜੀ ਨੂੰ ਵੀ ਜਾਣਦੇ ਹੋਵੋਗੇ?" ਪੂਰਨ ਜੀ ਨੇ ਦਸਿਆ ਕਿ ਮੈਂ ਬਾਊ ਮੱਲ ਸਿੰਘ ਜੀ ਨੂੰ ਵੀ ਚੰਗੀ ਤਰ੍ਹਾਂ ਜਾਣਦਾ ਹਾਂ। ਇਹ ਪਹਿਲੀ ਮੁਲਾਕਾਤ ਸੀ ਜਿਹੜੀ ਡਾਕਟਰ ਜੀ ਅਤੇ ਪੂਰਨ ਜੀ ਵਿਚ ਹੋਈ। ਇਸ ਤੋਂ ਬਾਅਦ ਪਿਆਰਾਨਾ ਪਿਆਰ ਪੂਰਨ ਜੀ ਦਾ ਡਾਕਟਰ ਜੀ ਨਾਲ ਬਹੁਤ ਜਾਗਿਆ। ਇਹਨਾਂ ਦੋਹਾਂ ਇਕੱਠੇ ਹੀ ਸਫ਼ਰ ਕਰਨਾ। ਬਚਨ ਭਾਵੇਂ ਘਟ ਹੀ ਕਰਨੇ, ਪਰ ਦਿਲੀ ਨੇੜਤਾ ਵਧਦੀ ਹੀ ਗਈ। ਇਸ ਨੇੜਤਾ ਬਾਰੇ ਪੂਰਨ ਜੀ ਨੇ ਭੂਪ ਜੀ ਨੂੰ ਵੀ ਦੱਸਦੇ ਰਿਹਾ ਕਰਨਾ।

ਇਕ ਦਿਨ ਪਤਾ ਨਹੀਂ ਭੂਪ ਜੀ ਦੇ ਮਨ ਵਿਚ ਕੀ ਫੁਰਨਾ ਉਗਮਿਆ, ਉਹਨਾਂ ਨੇ ਬੜੇ ਜ਼ੋਰਦਾਰ ਲਫ਼ਜ਼ਾਂ ਵਿਚ ਸਿਫ਼ਾਰਸ਼ ਕੀਤੀ ਕਿ ਤੁਸੀਂ ਉਸ ਸਿੰਘ ਨੂੰ ਘਰ ਵਿਖੇ ਲਿਆਉਣਾ। ਪੂਰਨ ਜੀ ਨੇ ਉਸ ਦਿਨ ਡਾਕਟਰ ਜੀ ਨੂੰ ਘਰ ਆਉਣ ਦੀ ਬੇਨਤੀ ਕੀਤੀ। ਐਡਰੈਸ ਨੋਟ ਕਰ ਕੇ, ਡਾਕਟਰ ਜੀ ਨੇ ਘਰ ਪੁਜਣ ਦੀ ਪ੍ਰਵਾਨਗੀ ਦੇ ਦਿੱਤੀ। ਦਿੱਤੇ ਸਮੇਂ ਤੇ ਡਾਕਟਰ ਜੀ ਘਰ ਪੁਜ ਗਏ ਅਤੇ ਚੁਪ ਚਾਪ ਸੋਫ਼ੇ ਤੇ ਬੈਠ ਗਏ। ਬਹੁਤ ਘਟ ਹੀ ਬਚਨ ਕੀਤੇ। ਕੁਝ ਛਕਣ ਛਕਾਣ ਤੋਂ ਬਾਅਦ ਚਲੇ ਗਏ। ਪਿਛੋਂ ਭੂਪ ਜੀ ਕਹਿਣ ਲੱਗੇ ਕਿ ਇਹ ਸਿੰਘ ਕਿੰਨਾ ਅਪ-ਟੂ-ਡੇਟ ਹੈ। ਭੂਪ ਜੀ ਦੱਸਦੇ ਹਨ ਕਿ ਉਹਨਾਂ ਦਿਨਾਂ ਵਿਚ ਮੇਰੀ ਉਮਰ ਸਿਰਫ ੨੦ ਕੁ ਸਾਲ ਸੀ। ਬਚਪਨ-ਪੁਣਾ ਹੋਣ ਕਰਕੇ ਗੁਰਮਤਿ ਦੀ ਗੂੜ੍ਹ ਸੋਝੀ ਨਹੀਂ ਸੀ। ਇਹ ਗੱਲ ੧੯੫੬ ਦੇ ਲਗ ਪਗ ਦੀ ਹੋਣੀ ਹੈ। ਇਸ ਤੋਂ ਪਿਛੋਂ ੧੯੫੯ ਤਕ ਡਾਕਟਰ ਜੀ ਕਈ ਵੇਰ ਪੂਰਨ ਜੀ ਦੇ ਗ੍ਰਹਿ ਵਿਖੇ ਆਉਂਦੇ ਜਾਂਦੇ ਰਹੇ।

ਜਦੋਂ ਡਾਕਟਰ ਜੀ ਨੇ ਘਰ ਆਉਣਾ ਤਾਂ ਭੂਪ ਜੀ ਨੂੰ ਕਹਿਣਾ, "ਬੀਬੀ ਜੀ, ਕੋਈ ਸ਼ਬਦ ਸ੍ਰਵਣ ਕਰਾਉ।" ਭੂਪ ਜੀ ਨੇ ਸ਼ਬਦ ਦਾ ਕੀਰਤਨ ਆਰੰਭ ਕਰਨਾ ਤਾਂ ਡਾਕਟਰ ਜੀ ਨੇ ਸ਼ਬਦ ਵਿਚ ਬਿਲਕੁਲ ਰਸ-ਲੀਨ ਹੋ ਜਾਣਾ ਅਤੇ ਆਪਣਾ ਆਪ ਭੁਲ ਜਾਣਾ। ਪੂਰਨ ਜੀ ਦੇ ਮਿਲਾਪ ਤੋਂ ਬਾਅਦ ਡਾਕਟਰ ਜੀ ਹਫ਼ਤੇਵਾਰੀ ਅਖੰਡ ਕੀਰਤਨੀ ਸਮਾਗਮਾਂ ਵਿਚ ਵੀ ਪੁਜਣ ਲਗ ਪਏ। ਇਹਨਾਂ ਸਮਾਗਮਾਂ ਵਿਚ ਡਾਕਟਰ ਜੀ ਸਭ



www.AKJ.Org

ਤੋਂ ਪਿਛੇ, ਜੋੜਿਆਂ ਦੇ ਕਰੀਬ ਜਿਹੇ ਸਜ ਜਾਇਆ ਕਰਦੇ ਸਨ। ਜਦੋਂ ਬੀਬੀ ਭੁਪਿੰਦਰ ਕੌਰ ਜੀ ਨੇ ਕੀਰਤਨ ਅਰੰਭਣਾ ਤਾਂ ਅਨੋਖੀ ਹੀ ਕਲਾ ਵਰਤਣੀ, ਇਹਨਾਂ ਨੇ ਬੇਹਬਲ ਹੋ ਹੋ ਜਾਣਾ। ਕਈ ਵੇਰਾਂ ਤਾਂ ਬੇਹਬਲਤਾ ਵਿਚ ਪਤਾ ਨਹੀਂ ਕੀ ਕਰਿਸ਼ਮਾ ਵਰਤਣਾ ਕਿ ਡਾਕਟਰ ਜੀ ਨੇ ਜੋੜਿਆਂ ਲਾਗੇ ਬੈਠਿਆਂ ਨੇ ਮਛਲੀ ਵੱਤ ਸੰਗਤ ਦੇ ਉਪਰ ਦੀ ਉਡਾਰੀ ਮਾਰਨੀ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜਾ ਡਿਗਣਾ। ਡੰਡਉਤ ਬੰਦਨਾ ਵਿਚ ਹੀ ਸਾਰਾ ਕੀਰਤਨ ਸ੍ਵਣ ਕਰਨਾ। ਬੰਬਈ ਵਿਖੇ ਇਸ ਤਰ੍ਹਾਂ ਦੇ ਰੰਗ ਰੰਗੀਜੇ ਕ੍ਰਿਸ਼ਮੇ ਆਮ ਹੀ ਵਾਰਪਦੇ ਰਹੇ। ਬੀਬੀ ਭੁਪਿੰਦਰ ਕੌਰ ਜੀ ਦੱਸਦੇ ਹਨ ਕਿ ਡਾਕਟਰ ਜੀ ਜਦੋਂ ਵੀ ਸਾਡੇ ਘਰ ਆਉਂਦੇ ਤਾਂ ਕਹਿੰਦੇ, "ਬੀਬੀ ਜੀ, ਕੋਈ ਸ਼ਬਦ ਸ੍ਵਣ ਕਰਾਉ।" ਸ਼ਬਦ ਦਾ ਕੀਰਤਨ ਸ੍ਵਣ ਕਰਨ ਤੋਂ ਬਾਅਦ ਅਲੌਕਿਕ ਰੰਗਾਂ ਵਿਚ ਵਿਦਾ ਹੋਣਾ। ਕਈ ਵੇਰਾਂ ਤਾਂ ਘਰ ਵਿਖੇ ਹੀ ਬੇਸੁਧ ਹੋ ਕੇ ਡਿਗ ਪੈਣਾ। ਬੀਬੀ ਜੀ ਪਹਿਲਾਂ ਪਹਿਲ ਤਾਂ ਬਹੁਤ ਘਬਰਾਏ, ਪਰ ਜਦੋਂ ਇਹ ਅਗੰਮੀ ਕਲਾ ਆਮ ਹੀ ਵਰਤਿਆ ਕਰੇ ਤਾਂ ਬੀਬੀ ਜੀ ਨੂੰ ਡਾਕਟਰ ਜੀ ਦੀ ਰੰਗ-ਰਤੜੀ ਦਸ਼ਾ ਪਰਤੱਖ ਹੋ ਕੇ ਭਾਸਣ ਲਗ ਪਈ।

ਇਕ ਦਿਨ ਸ਼ਾਮ ਨੂੰ ਡਾਕਟਰ ਜੀ ਬੀਬੀ ਭੁਪਿੰਦਰ ਕੌਰ ਜੀ ਪਾਸ ਘਰ ਆਏ ਅਤੇ ਪੁਛਣ ਲੱਗੇ, "ਭਾਈ ਸਾਹਿਬ ਨਹੀਂ ਆਏ ?" ਕਦੋਂ ਆਉਣਾ ਹੈ ਉਹਨਾਂ ਨੇ ?" ਇਤਨੀ ਗਲ-ਬਾਤ ਚਲ ਹੀ ਰਹੀ ਸੀ ਕਿ ਬੀਬੀ ਜੀ ਦੇ ਮੁਖੋਂ ਨਿਕਲ ਗਿਆ ਕਿ ਸਾਡੀ ਟ੍ਰਾਂਸਫਰ ਦਾ ਕੁਝ ਚੱਕਰ ਹੈ, ਸ਼ਾਇਦ ਸਾਡੀ ਬਦਲੀ ਕਾਂਡਲੇ ਹੋ ਗਈ ਹੈ। ਜਦੋਂ ਡਾਕਟਰ ਜੀ ਦੇ ਕੰਨੀਂ ਵਾਜ ਪਈ ਕਿ ਪੂਰਨ ਜੀ ਦੀ ਬਦਲੀ ਹੋ ਗਈ ਹੈ ਤਾਂ ਪਤਾ ਨਹੀਂ ਇਹਨਾਂ ਦੇ ਹਿਰਦੇ ਤੇ ਕੀ ਬੀਤੀ ਕਿ ਧੜੰਮ ਕਰਦੇ ਕਮਰੇ ਵਿਚ ਹੀ ਡਿਗ ਪਏ। ਬੀਬੀ ਜੀ ਘਬਰਾ ਗਏ। ਥੋੜੀ ਦੇਰ ਬਾਅਦ ਡਾਕਟਰ ਜੀ ਹੋਸ਼ ਵਿਚ ਆਏ ਅਤੇ ਪੁਛਣ ਲੱਗੇ, "ਬੀਬੀ ਜੀ, ਤੁਸੀਂ ਕੀ ਕਹਿ ਰਹੇ ਸੀ ?" ਭੁਪਿੰਦਰ ਕੌਰ ਜੀ ਘਬਰਾਏ ਘਬਰਾਏ ਕਹਿਣ ਲਗੇ, "ਵੀਰ ਜੀ, ਮੈਂ ਤਾਂ ਕੁਝ ਨਹੀਂ ਕਿਹਾ।"

ਉਪਰੋਕਤ ਘਟਨਾ ਦਸਦੀ ਹੈ ਕਿ ਡਾਕਟਰ ਜੀ ਦਾ ਗੁਰਮੁਖਾਂ ਨਾਲ ਕਿੰਨਾ ਸੱਚਾ ਸੁੱਚਾ ਪਿਆਰ ਸੀ। ਗੁਰਮੁਖ ਸਜਣਾਂ ਤੋਂ ਵਿਛੜਨਾ ਉਨ੍ਹਾਂ ਲਈ ਅਸਹਿ ਸੀ। ਬਿਰਹੋਂ-ਚੋਟ ਮਰੰਨ ਵਾਲੀ ਕਲਾ ਵਰਤਾ ਦਿੰਦੇ ਸਨ। ਇਹਨਾਂ ਦਾ ਹਿਰਦਾ ਸੀਤਲ ਜਲ ਵੱਤ ਸ਼ਾਫ਼ ਸੀ। ਕਿਸੇ ਕਿਸਮ ਦੇ ਦਿਖਾਵੇ ਦਾ ਲੇਪ ਛੇਪ ਨਹੀਂ ਸੀ।

ਸੰਨ ੧੯੫੬-੫੭ ਵਿਚ ਪੂਰਨ ਜੀ ਗੁਰਮੁਖ ਪਰਵਾਰ ਤਬਦੀਲ ਹੋ ਕੇ ਕਾਂਡਲੇ ਚਲੇ ਗਏ। ਇਸ ਗੁਰਮੁਖ ਪਰਵਾਰ ਨਾਲ ਜੋ ਗੁਰਮੁਖੀ ਸਾਂਝ ਪੈ ਚੁਕੀ ਸੀ, ਉਸ ਦੀ ਖਿਚ ਸਦਕਾ ਡਾਕਟਰ ਜੀ ਇਕੱਲ ਮਹਿਸੂਸ ਕਰਨ ਲਗੇ ਅਤੇ ਅੰਤ ੨੦ ਅਕਤੂਬਰ, ੧੯੫੮ ਨੂੰ ਆਪ ਜੀ ਕਾਂਡਲੇ ਉਨ੍ਹਾਂ ਦੇ ਮਗਰ ਚਲੇ ਗਏ। ਸਾਮਾਨ ਰਿਟਾਇਰਿੰਗ ਰੂਮ ਵਿਚ ਹੀ ਜਮ੍ਹਾਂ ਕਰਾ ਕੇ, ਡਾਕਟਰ ਜੀ ਪੂਰਨ ਜੀ ਪਾਸ ਪੁੱਜੇ। ਡਾਕਟਰ ਜੀ ਦੇ ਪੁਜਣ ਤੋਂ ੮-੯ ਦਿਨ ਪਹਿਲਾਂ ਇਸ ਗੁਰਮੁਖ ਪਰਵਾਰ ਨੂੰ ਭੁਝੰਗੀ ਦੀ ਬਖਸ਼ਿਸ਼ ਹੋ ਚੁਕੀ ਸੀ ਅਤੇ ਬੀਬੀ ਜੀ ਸੇਹਤ ਕਰਕੇ ਨਿਰਬਲ ਸਨ। ਇਸ ਗੱਲ ਦਾ ਪਤਾ ਲਗਣ ਤੇ ਡਾਕਟਰ ਜੀ ਰਿਟਾਇਰਿੰਗ ਰੂਮ ਵਿਚ ਹੀ ਰੁਕੇ ਰਹੇ। ਸਵੇਰੇ ਸ਼ਾਮ ਪੂਰਨ ਜੀ ਦੇ ਘਰ ਜਾਣਾ ਅਤੇ ਸੁਖ ਸਾਂਦ ਦਾ ਪਤਾ ਲੈ ਕੇ ਵਾਪਸ ਚਲੇ ਜਾਣਾ।

ਇਕ ਦਿਨ ਡਾਕਟਰ ਜੀ ਪੂਰਨ ਜੀ ਨੂੰ ਕਹਿਣ ਲਗੇ, "ਮੇਰੇ ਪਾਸ ਕੁਝ ਮਾਇਆ ਪਈ ਹੈ, ਇਸ ਨੂੰ ਕਿਤੇ ਖ਼ਰਚ ਵਰਚ ਦਿਉ।" ਪੂਰਨ ਜੀ ਕਹਿਣ ਲਗੇ, "ਮਾਇਆ ਦੀ ਤਾਂ ਇਧਰ ਵੀ ਬਖਸ਼ਸ਼ ਹੀ ਹੈ। ਦੇਖਾਂਗੇ ਕੋਈ ਲੋੜਵੰਦ ਹੋਇਆ ਤਾਂ ਦੱਸ ਦਿਆਂਗੇ।" ਡਾਕਟਰ ਜੀ ਨੇ ਲੋੜਵੰਦਾਂ ਦਾ ਸਭ ਤੋਂ ਸਹਿਲ ਤਰੀਕਾ ਇਹ ਲੱਭਾ ਕਿ ਸਵੇਰੇ ਸ਼ਾਮ ਆਪ ਜੀ ਨੇ ਜਿੰਨੇ ਕੁ ਪੈਸੇ ਹੱਥ ਆਉਣੇ, ਰਿਟਾਇਰਿੰਗ ਰੂਮ ਚੋਂ ਬਾਹਰ ਸੁਟ ਦੇਣੇ, ਜਿਨ੍ਹਾਂ ਨੂੰ ਲੋੜਵੰਦ ਮੰਗਤਿਆਂ, ਗਰੀਬਾਂ ਆਦਿ ਨੇ ਚੁਕ ਕੇ ਆਪਣਾ ਪੇਟ ਪਾਲਣਾ। ਇਸ ਤਰ੍ਹਾਂ ਹੀ ਆਪ ਜੀ ਪਾਸ ਜੋ ਲੋੜ ਤੋਂ ਵੱਧ ਮਾਇਆ ਸੀ, ਲੇਖੇ ਲਾ ਦਿੱਤੀ।

ਮਾਇਆ ਦੀ ਲਪੇਟ ਚੋਂ ਸੁਰਖ਼ਰੂ ਹੋ, ਆਪ ਜੀ ਪੂਰਨ ਜੀ ਪਾਸ ਆ ਠਹਿਰੇ। ਹੁਣ ਤਕ


www.AKJ.Org

ਬੀਬੀ ਭੂਪ ਜੀ ਵੀ ਤੁਰਨ ਫਿਰਨ ਲਗ ਪਏ ਸਨ। ਲੰਗਰ ਦੀ ਸੇਵਾ ਵੀ ਕਰਨ ਲਗ ਪਏ। ਡਾਕਟਰ ਜੀ ਨੇ ਲੰਗਰ ਵੀ ਇਹਨਾਂ ਪਾਸ ਹੀ ਛਕ ਲਿਆ ਕਰਨਾ ਅਤੇ ਭੂਪ ਜੀ ਨੇ ਸਵੇਰੇ ਸ਼ਾਮ ਕੀਰਤਨ ਵੀ ਸ੍ਰਵਣ ਕਰਾ ਦਿਆ ਕਰਨਾ। ਡਾਕਟਰ ਜੀ ਕੁਝ ਚਿਰ ਬੜੇ ਹੀ ਪਿਆਰ ਨਾਲ ਆਪਣੇ ਘਰ ਵਾਂਗ ਹੀ ਪੂਰਨ ਜੀ ਦੇ ਪਾਸ ਟਿਕੇ ਰਹੇ। ਕਈ ਵੇਰਾਂ ਕੋਈ ਛੋਟੀ ਮੋਟੀ ਸੇਵਾ ਹੋਵੇ ਤਾਂ ਕਰ ਦੇਣੀ। ਭੂਪ ਜੀ ਦੱਸਦੇ ਹਨ ਕਿ ਡਾਕਟਰ ਜੀ ਦਾ ਠਾਠ-ਠਾਠ ਸ਼ਹਿਜ਼ਾਦਿਆਂ ਵਰਗਾ ਹੀ ਸੀ। ਵਧੀਆ ਤੋਂ ਵਧੀਆ ਕਪੜੇ ਦੇ ਕਛਹਿਰੇ ਪਾਇਆ ਕਰਦੇ ਸਨ। ਗਰਮੀਆਂ ਦੇ ਹੋਰ ਕਛਹਿਰੇ ਹੋਇਆ ਕਰਦੇ ਸਨ ਅਤੇ ਸਰਦੀਆਂ ਵਿਚ ਵਧੀਆ ਗਰਮ ਕਪੜੇ ਦੇ।

ਮਾਇਕੀ ਸ਼ੌ-ਸ਼ਾਅ ਵਾਲੀ ਬਿਰਤੀ ਤੋਂ ਜਦੋਂ ਡਾਕਟਰ ਜੀ ਦਾ ਮਨ ਉਪਰਾਮ ਹੋਇਆ ਤਾਂ ਐਸੀ ਤਿਆਗ ਬਿਰਤੀ ਵਿਚ ਵਿਚਰੇ ਕਿ ਸਭ ਕੁਝ ਵਿਸਰ ਗਿਆ। ਵਧੀਆ ਵਧੀਆ ਕੀਮਤੀ ਕਪੜਿਆਂ ਦੇ ਕਛਹਿਰਿਆਂ ਦੀ ਥਾਂ ਹੁਣ ਕੋਰੇ ਲੱਠੇ ਦੇ ਸਿੱਧੇ ਸਾਦੇ ਕਛਹਿਰੇ ਹੋ ਗਏ। ਕਈ ਵੇਰਾਂ ਆਪ ਜੀ ਦਾ ਕਛਹਿਰਾ ਅਤੇ ਚੋਲਾ ਮਸਤਾਨਾ ਵੀ ਦੇਖਿਆ ਜਾਂਦਾ ਸੀ। ਸ਼ਹਿਜ਼ਾਦਿਆਂ ਵਾਲੀ ਪਹਿਲੀ ਸ਼ਹਿਨਸ਼ਾਹੀ ਨੂੰ ਦੇਖਣ ਪਿਛੋਂ ਜਦੋਂ ਡਾਕਟਰ ਜੀ ਦੇ ਬਿਰਧ ਕਛਹਿਰਿਆਂ ਅਤੇ ਗੰਢੇ-ਤੁਪੇ ਚੋਲਿਆ ਵਲ ਧਿਆਨ ਜਾਂਦਾ ਹੈ ਤਾਂ ਡਾਕਟਰ ਜੀ ਦੇ ਗਰੀਬੀ ਅਤੇ ਨਿਮਰਤਾ ਵਾਲੇ ਜੀਵਨ ਧਾਰਨ ਅਗੇ ਸਿਰ ਨਿਵ ਜਾਂਦਾ ਹੈ ਕਿ ਕਿਵੇਂ ਸਭ ਕੁਝ ਹੁੰਦਿਆਂ ਹੋਇਆਂ ਆਪਣੇ ਆਪ ਨੂੰ ਚੀਥੜਿਆਂ ਵਿਚ ਲੁਕਾਈਂ ਫਿਰਨਾ ਹੈ। ਡਾਕਟਰ ਜੀ ਨੂੰ ਕਿਸੇ ਗੱਲ ਦੀ ਕਮੀ ਨਹੀਂ ਸੀ। ਆਪ ਜੀ ਦੀ ਕਾਫ਼ੀ ਜ਼ਮੀਨ ਅਤੇ ਡੇਹਰਾਦੂਨ ਵਿਚ ਬਹੁਤ ਵਡੇ ਬੰਗਲੇ ਦੀ ਮਾਲਕੀ ਸੀ। ਚਾਹੁੰਦੇ ਤਾਂ ਹਜ਼ਾਰਾਂ ਰੁਪਏ ਕਰਾਇਆ ਹੀ ਲੈ ਸਕਦੇ ਸਨ, ਪਰ ਆਪ ਜੀ ਨੇ ਮਾਇਆ ਸਰਪਣੀ ਨੂੰ ਪੈਰਾਂ ਹੇਠ ਹੀ ਰਖਿਆ, ਉਪਰ ਨਹੀਂ ਉਠਣ ਦਿੱਤਾ।

ਇਕ ਵੇਰਾਂ ਕਹਿਣ ਲਗੇ, "ਭਾਈ, ਮੇਰੇ ਪਾਸ ਇਕ ਬੰਗਲਾ ਹੈ। ਪਰ ਉਸ ਦਾ ਮੁਕੱਦਮਾ ਚਲਦਾ ਹੈ।" ਬੜੇ ਹੀ ਉਤਸੁਕਤਾ ਨਾਲ ਜਦੋਂ ਪੁਛਿਆ ਗਿਆ ਤਾਂ ਕਹਿਣ ਲਗੇ, "ਮੁਕੱਦਮਾ ਕੋਈ ਖ਼ਾਸ ਨਹੀਂ, ਪਰ ਹੈ ਵੀ ਬੜਾ ਪੇਚੀਦਾ। ਕਿਤੇ ਕਾਨੂੰਨ ਦੀਆਂ ਕਿਤਾਬਾਂ ਵਿਚ ਉਸ ਦਾ ਜ਼ਿਕਰ ਨਹੀਂ ਹੈ। ਉਹ ਇਹ ਹੈ ਕਿ ਕਿਰਾਏਦਾਰ ਕਹਿੰਦੇ ਹਨ ਕਿ ਸਾਡੇ ਕੋਲੋਂ ਕਰਾਇਆ ਲਉ ਅਤੇ ਮੈਂ ਕਹਿੰਦਾ ਹਾਂ ਕਿ ਕਰਾਇਆ ਨਹੀਂ ਲੈਣਾ। ਬਸ ਇਹੀ ਕੇਸ ਹੈ।" ਡਾਕਟਰ ਜੀ ਦਾ ਮਾਇਕੀ ਤਿਆਗ ਦਾ ਇਹ ਕਮਾਲ ਹੈ। ਇਸ ਅਗੇ ਸਾਡਾ ਸਿਰ ਕਿਵੇਂ ਨਾ ਝੁਕੇ!

ਡਾਕਟਰ ਜੀ ਕਾਂਡਲੇ ਤੋਂ ਹੀ ਪੂਰਨ ਜੀ ਭੂਪ ਜੀ ਨਾਲ ਪੋਹ ਸੁਦੀ ਸਪਤਮੀ ਦੇ ਸਮਾਗਮ ਤੇ ਲੁਧਿਆਣੇ ਪੁੱਜੇ। ਇਥੇ ਹੀ ਆਪ ਜੀ ਨੇ ਜਥੇ ਦੇ ਅੰਮ੍ਰਿਤ-ਸਮਾਗਮ ਵਿਚ ਪੇਸ਼ ਹੋ ਕੇ ਨਾਮ ਦ੍ਰਿੜ੍ਹ ਕਰਵਾਇਆ। ਇਸ ਤੋਂ ਬਾਅਦ ਆਪ ਜੀ ਦੀਆਂ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਪ੍ਰੇਮ ਦੀਆਂ ਗੰਢਾਂ ਹੋਰ ਵੀ ਪੀਡੀਆਂ ਪੈ ਗਈਆਂ।

ਕਾਂਡਲੇ ਤੋਂ ਲੁਧਿਆਣੇ ਤਕ ਗੱਡੀ ਵਿਚ ਡਾਕਟਰ ਜੀ ਡਾਢੀ ਹੀ ਰੰਗ-ਰਤੜੀ ਬ੍ਰਿਤੀ ਵਿਚ ਸਜੇ ਰਹੇ। ਭੂਪ ਜੀ ਦੱਸਦੇ ਹਨ ਕਿ ਡਾਕਟਰ ਜੀ ਪਾਸ ਹੀ ਬੈਠੇ ਸਨ ਕਿ ਭੁਜੰਗੀ ਨੇ ਪਿਸ਼ਾਬ ਕਰ ਕੇ ਕੰਬਲ ਗਿਲਾ ਕਰ ਦਿਤਾ ਤਾਂ ਡਾਕਟਰ ਜੀ ਨੇ ਆਪਣਾ ਨਵਾਂ ਕੰਬਲ ਬੈਗ ਵਿਚੋਂ ਕੱਢ ਕੇ ਭੁਜੰਗੀ ਦੇ ਥਲੇ ਵਿਛਾ ਦਿਤਾ। ਬਥੇਰਾ ਮਨ੍ਹਾ ਕੀਤਾ, ਪਰ ਡਾਕਟਰ ਜੀ ਨੇ ਭੋਰਾ ਵੀ ਸੰਕੋਚ ਨਾ ਕੀਤਾ। ਲੁਧਿਆਣੇ ਆ ਕੇ ਭੂਪ ਜੀ ਨੇ ਚਾਹਿਆ ਕਿ ਕੰਬਲ ਵਾਪਸ ਕਰ ਦਿਤਾ ਜਾਵੇ ਤਾਂ ਡਾਕਟਰ ਜੀ ਨੇ ਇਹ ਕਹਿ ਕੇ ਟਾਲ ਦਿੱਤਾ ਕਿ ਇਸ ਭੁਜੰਗੀ ਲਈ ਤਾਂ ਇਹ ਭੇਟਾ ਬਹੁਤ ਛੋਟੀ ਹੈ। ਉਹਨਾਂ ਦੀ ਕਥਨੀ ਤੋਂ ਇੰਜ ਜਾਪਦਾ ਸੀ ਜਿਵੇਂ ਡਾਕਟਰ ਜੀ ਨੂੰ ਗਿਆਨ ਹੋਵੇ ਕਿ ਇਹ ਭੁਜੰਗੀ ਆਪਣੀ ਛੋਟੀ ਜਿਹੀ ਆਯੂ ਵਿਚ ਹੀ ਇਕ ਉਘਾ ਕੀਰਤਨੀਆ ਸਿਧ ਹੋਵੇਗਾ ਅਤੇ ਪੰਥਕ ਸੇਵਾ ਵਿਚ ਹੀ ਸਰੀਰ ਤਿਆਗ ਦੇਵੇਗਾ। ਉਹ ਕੰਬਲ ਅਜੇ ਤਕ ਭੂਪ ਜੀ ਪਾਸ, ਡਾਕਟਰ ਜੀ ਦੀ ਯਾਦ ਤਾਜ਼ਾ ਕਰਾ ਰਿਹਾ ਹੈ।

ਇਥੇ ਲੁਧਿਆਣੇ ਪੇਸ਼ ਹੋਣ ਪਿਛੋਂ ਡਾਕਟਰ ਜੀ ਦਿਲੀ ਆਪਣੀ ਭੈਣ ਜੀ ਪਾਸ ਚਲੇ ਗਏ। ਕੁਝ ਦੇਰ ਉਥੇ ਰੁਕੇ ਅਤੇ ਫਿਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਸ ਹੀ ਆ ਗਏ। (ਚਲਦਾ)



www.AKJ.Org

# ਧਰਮ ਤੇ ਸਿਆਸਤ ਦਾ ਸੰਬੰਧ

[ਸ: ਰਵੇਲ ਸਿੰਘ ਜੀ ਐਮ. ਏ., ਐਲ ਐਲ. ਬੀ.]

ਖ਼ਬਰ ਹੈ ਕਿ ਪੰਜਾਬ ਗੁਰਦੁਆਰਾ ਐਕਟ ਵਿਚ ਕੁਝ ਤਰਮੀਮਾਂ ਕਰਨ ਦਾ ਕੇਂਦਰੀ ਸਰਕਾਰ ਦਾ ਵਿਚਾਰ ਹੈ। ਇਹ ਤਰਮੀਮਾਂ ਕਰਨ ਦੇ ਹੋਰ ਕਾਰਨਾਂ ਤੋਂ ਬਿਨਾਂ ਇਕ ਕਾਰਨ ਇਹ ਵੀ ਦੱਸਿਆ ਜਾਂਦਾ ਹੈ ਕਿ ਧਰਮ ਨੂੰ ਸਿਆਸਤ ਨਾਲੋਂ ਵਖ ਕੀਤਾ ਜਾਏ।

'ਕੀ ਧਰਮ ਅਤੇ ਸਿਆਸਤ ਨੂੰ ਇਕ ਦੂਜੇ ਤੋਂ ਵਖ ਕੀਤਾ ਜਾ ਸਕਦਾ ਹੈ?' ਇਹ ਇਕ ਐਸਾ ਮਸਲਾ ਹੈ ਜਿਸ ਸੰਬੰਧੀ ਬੜੀ ਦੇਰ ਤੋਂ ਚਰਚਾ ਚਲਦੀ ਆ ਰਹੀ ਹੈ। ਇਹ ਅੰਗਰੇਜ਼ੀ ਰਾਜ ਤੋਂ ਵੀ ਪਹਿਲਾਂ ਦੀ ਹੈ। ਹਰ ਸਰਕਾਰ ਦਾ ਇਹ ਪ੍ਰਚਾਰ ਹੁੰਦਾ ਹੈ ਕਿ ਧਰਮ ਨੂੰ ਸਿਆਸਤ ਤੋਂ ਵਖ ਰਖਿਆ ਜਾਏ, ਪਰ ਐਸਾ ਕਦੇ ਹੋ ਨਹੀਂ ਸੱਕਿਆ। ਸਾਡੇ ਦੇਸ਼ ਵਿਚ ਦੇਵੀ ਦੁਰਗਾ ਦੀ ਪੂਜਾ ਹੁੰਦੀ ਹੈ। ਚੰਡੀ ਚਰਿੱਤ੍ਰ ਅਤੇ ਚੰਡੀ ਦੀ ਵਾਰ ਦਾ ਉਚਾਰਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮਾਰਕੰਡੇ ਪੁਰਾਣ ਨੂੰ ਸਾਹਮਣੇ ਰਖ ਕੇ ਕੀਤਾ ਸੀ। ਚੰਡੀ ਦੀ ਵਾਰ ਵਿਚ ਦੁਰਗਾ ਦੀ ਦੇਵਤਿਆਂ ਦੀ ਮਦਦ ਕਰਦਿਆਂ ਦੈਂਤਾਂ ਨਾਲ ਲੜਾਈ ਦਾ ਵਰਨਣ ਕੀਤਾ ਗਿਆ ਹੈ। ਦੁਰਗਾ ਦੇ ਸਾਹਮਣੇ ਦੇਵਤਿਆਂ ਨੇ ਸ਼ਕਾਇਤ ਕੀਤੀ ਕਿ—

'ਦਿਤੇ ਦੇਵ ਭਜਾਈ ਸਭਨਾਂ ਰਾਕਸ਼ਾਂ।
ਕਿਨੈ ਨ ਜਿਤਾ ਜਾਈ ਮਹਿਖੈ ਦੈਂਤ ਨੂੰ।
ਤੇਰੀ ਸਾਮ ਤਕਾਈ ਦੇਵੀ ਦੁਰਗਸ਼ਾਹ।'

ਦੁਰਗਾ ਮਾਤਾ ਨੇ ਇਹ ਗੱਲ ਸੁਣ ਕੇ ਦੇਵਤਿਆਂ ਨੂੰ ਜੁਆਬ ਦਿਤਾ ਕਿ—

'ਚਿੰਤਾ ਕਰੋ ਨ ਕਾਈ' ਦੇਵਾਂ ਨੂੰ ਆਖਿਆ।
ਰੋਹ ਹੋਈ ਮਹਾਂ ਮਾਈ ਰਾਕਸ਼ਿ ਮਾਰਣੇ।'

ਫਿਰ ਜਦੋਂ ਜੰਗ ਸ਼ੁਰੂ ਹੋਇਆ, ਅਤੇ ਦਮਾਮੇ (ਨਗਾਰੇ) ਉਤੇ ਚੋਟ ਵੱਜੀ, ਦੋਹਾਂ ਦਲਾਂ ਦਾ ਮੁਕਾਬਲਾ ਸ਼ੁਰੂ ਹੋਇਆ ਤਾਂ ਦੇਵੀ ਨੇ ਸਾਰ ਦੀ ਸੀਹਣਿ (ਫ਼ੌਲਾਦ ਦੀ ਸ਼ੇਰਨੀ) ਨੂੰ ਆਪਣੇ ਹੱਥਾਂ ਵਿਚ ਫੜ ਕੇ ਫਿਰਾਇਆ (ਦਸਤਿ ਨਚਾਈ)—

'ਚੋਟ ਦਮਾਮੇ ਪਾਈ, ਦਲਾਂ ਮੁਕਾਬਲਾ।
ਦੇਵੀ ਦਸਤਿ ਨਚਾਈ ਸੀਹਣਿ ਸਾਰ ਦੀ।'

ਦੁਰਗਾ ਨੂੰ ਧਾਰਮਕ ਅਗਵਾਈ ਕਰਨ ਵਾਲੀ ਦੇਵੀ ਜਾਣ ਕੇ ਦੇਸ਼ ਭਰ ਵਿਚ ਇਸ ਦੀ ਪੂਜਾ ਹੁੰਦੀ ਹੈ, ਪਰ ਅੱਜ ਦੇ ਜ਼ਮਾਨੇ ਵਿਚ ਕੌਣ ਨਿਰਨਾ ਕਰ ਸਕਦਾ ਹੈ ਕਿ ਦੁਰਗਾ ਮਾਤਾ ਦਾ ਹੱਥ ਵਿਚ ਫ਼ੌਲਾਦ ਦੀ ਸ਼ੇਰਨੀ, ਭਾਵ ਤਲਵਾਰ ਨੂੰ ਫੜ ਕੇ ਦੈਂਤਾਂ ਨੂੰ ਮਾਰਨਾ ਧਰਮ ਸੀ ਜਾਂ ਸਿਆਸਤ?

ਰਾਮਚੰਦਰ ਜੀ ਮਹਾਰਾਜ ਦੀ ਦੇਸ਼ ਭਰ ਵਿਚ ਪੂਜਾ ਹੁੰਦੀ ਹੈ, ਉਨ੍ਹਾਂ ਦੀ ਸਭ ਤੋਂ ਵੱਡੀ ਯਾਦਗਾਰ ਹਰ ਸਾਲ ਦੁਸਹਿਰਾ ਮਨਾਇਆ ਜਾਂਦਾ ਹੈ।

'ਦੈ ਦਸ ਬਾਨ ਬਿਮਾਨ ਦਸੋ ਸਿਰ, ਕਾਟਿ ਦਏ ਸਿਵਲੋਕ ਪਠੈ ਕੈ।
ਸ੍ਰੀ ਰਘੁਰਾਜ ਬਰਯੋ ਸੀਅ ਕੋ, ਬਹੁਰੋ ਜਨ ਜੁਧ ਸੁਯੰਬਰ ਜੈ ਕੈ।'

ਸ੍ਰੀ ਰਾਮ ਚੰਦਰ ਜੀ ਮਹਾਰਾਜ ਵਲੋਂ ਦਸ ਬਾਣ ਹੋਰ ਮਾਰ ਕੇ, ਦਸ ਹੀ ਸਿਰ ਵੱਢ ਕੇ ਰਾਵਣ ਨੂੰ ਮਾਨੋ ਦਸ ਉਡਣ-ਖਟੋਲੇ ਬਖਸ਼ ਕੇ ਸ਼ਿਵਪੁਰੀ ਪੁਚਾਣ ਦੀ ਹੁਣ ਤਕ ਅਸੀਂ ਧਾਰਮਕ ਤੌਰ ਤੇ ਦੁਸਹਿਰੇ ਦੇ ਰੂਪ ਵਿਚ ਯਾਦ ਮਨਾਂਦੇ ਹਾਂ। ਇਸ ਨੂੰ ਧਰਮ ਜਾਂ ਸਿਆਸਤ ਤੋਂ ਕਿਸ ਤਰ੍ਹਾਂ ਨਿਖੇੜਿਆ ਜਾ ਸਕਦਾ ਹੈ?



www.AKJ.Org

ਕੈਰਵਾਂ ਅਤੇ ਪਾਂਡਵਾਂ ਦੇ ਝਗੜੇ ਨੂੰ ਮਿਟਾਣ ਲਈ ਕ੍ਰਿਸ਼ਨ ਜੀ ਮਹਾਰਾਜ ਨੇ ਧਰਤਰਾਸ਼ਟ ਨੂੰ ਗਿਲਾ ਕੀਤਾ ਸੀ ਕਿ ਤੈਨੂੰ ਆਪਣੇ ਲੜਕਿਆਂ ਨਾਲ ਹੀ ਪਿਆਰ ਹੈ, ਤੂੰ ਪਾਂਡਵਾਂ ਤੋਂ ਪਿਆਰ ਹਟਾ ਲਿਆ ਹੈ। ਇਸ ਤਰ੍ਹਾਂ ਰਾਜ ਕਾਜ ਵਿਚ ਤੂੰ ਆਪ ਹੀ ਵਿਘਨ ਪਾ ਲਿਆ ਹੈ।

ਪ੍ਰੀਤਿ ਤੁਮੈ ਸੁਤ ਆਪਨ ਸੋ, ਤੁਹਿ ਪੰਡੁ ਕੇ ਪੁਤ੍ਰਨ ਸੋਂ ਹਿਤ ਟਾਰਯੋ।
ਜਾਨਤ ਹੈ ਧ੍ਰਿਤ-ਰਾਸ਼ਟਰ ਤੈਂ, ਸਭ ਆਪਨ ਰਾਜ ਕੋ ਪੈਡ ਬਿਗਾਰਯੋ।

ਜਦੋਂ ਕ੍ਰਿਸ਼ਨ ਜੀ ਮਹਾਰਾਜ ਦੀ ਕੋਈ ਗੱਲ ਨਾ ਮੰਨੀ ਗਈ ਤਾਂ ਉਸ ਦਾ ਨਤੀਜਾ ਮਹਾਂਭਾਰਤ ਯੁਧ ਹੋਇਆ। ਕ੍ਰਿਸ਼ਨ ਜੀ ਮਹਾਰਾਜ ਨੇ ਤਾਂ ਉਸ ਧਿਰ ਦਾ ਹੀ ਪੱਖ ਕਰਨਾ ਸੀ ਜਿਸ ਨਾਲ ਅਨਿਆਇ ਹੋ ਰਿਹਾ ਸੀ। ਲੜਾਈ ਵਿਚ ਉਨ੍ਹਾਂ ਨੇ ਪਾਂਡਵਾਂ ਦਾ ਸਾਥ ਦਿਤਾ ਅਤੇ—

ਸ੍ਰੀ ਦੁਰਜੋਧਨ ਕੇ ਦਲ ਕੋ ਲਖ, ਭੂਪ ਤਬੈ ਅਤਿ ਬਾਨ ਚਲਾਏ।
ਬਾਂਕੇ ਕੀਏ ਬਿਰਥੀ ਤਹ ਬੀਰ, ਘਨੇ ਤਬ ਹੀ ਜਮ ਧਾਮ ਪਠਾਏ।
ਭੀਖਮ 'ਦ੍ਰਊਣ' ਤੇ ਆਦਿਕ ਸੂਰ, ਭਜੇ ਰਣ ਮੈ ਨ ਕੋਊ ਠਹਿਰਾਏ।
ਜੀਤ ਕੀ ਆਸ ਤਜੀ ਬਹੁਰੋ, ਖੜਗੇਸ ਕੇ ਸਾਮੁਹੇ ਨਾਹਿਨ ਆਏ।

ਕੌਣ ਇਸ ਦੀ ਵਿਆਖਿਆ ਕਰ ਸਕਦਾ ਹੈ ਕਿ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਵਲੋਂ ਇਸ ਤਰ੍ਹਾਂ ਪਾਂਡਵਾਂ ਦੀ ਮਦਦ ਲਈ ਯੁਧ ਵਿਚ ਸ਼ਾਮਲ ਹੋਣਾ ਧਰਮ ਸੀ ਜਾਂ ਸਿਆਸਤ?—ਇਹ ਤਾਂ ਹੈ ਸਾਡੇ ਪੁਰਾਤਨ ਇਤਿਹਾਸ ਦੀ ਗੱਲ।

ਸਿੱਖਾਂ ਦਾ ਧਰਮ ਅਤੇ ਸਿਆਸਤ ਬਾਰੇ ਕੀ ਦ੍ਰਿਸ਼ਟੀਕੋਣ ਹੈ, ਇਸ ਦਾ ਇਥੇ ਵਰਨਣ ਕਰਨ ਦੀ ਥਾਂ ਹਿੰਦੂ ਧਰਮ ਦੀਆਂ ਹੀ ਬਹੁਤ ਥੋੜ੍ਹੇ ਸ਼ਬਦਾਂ ਵਿਚ ਉਪਰ ਕੁਝ ਮਿਸਾਲਾਂ ਦਿਤੀਆਂ ਹਨ, ਇਨ੍ਹਾਂ ਦਾ ਸੰਬੰਧ ਭਾਰਤ ਦੀ ਸਮੁਚੀ ਪੁਰਾਤਨ ਸੰਸਕ੍ਰਿਤੀ ਨਾਲ ਹੈ। ਮੌਜੂਦਾ ਜ਼ਮਾਨੇ ਵਿਚ ਵੀ ਸਾਡੇ ਪੰਜਾਬੀਆਂ ਨਾਲ ਕੀ ਬੀਤੀ? ਮਦਰਾਸ ਵਿਚ ੧੯੪੧ ਵਿਚ ਮੁਸਲਮ ਲੀਗ ਦੇ ਇਜਲਾਸ ਵਿਚ ਮਿਸਟਰ ਜਿਨਾਹ ਨੇ ਪਾਕਿਸਤਾਨ ਦੀ ਮੰਗ ਕਰਦਿਆਂ ਸਪੱਸ਼ਟ ਸ਼ਬਦਾਂ ਵਿਚ ਐਲਾਨ ਕੀਤਾ ਸੀ ਕਿ 'The Muslims of India are an independent nationality" ਭਾਵ ਹਿੰਦੁਸਤਾਨ ਦੇ ਮੁਸਲਮਾਨ ਇਕ ਆਜ਼ਾਦ ਨੇਸ਼ਨ ਹਨ। ਅੰਗਰੇਜ਼ਾਂ ਨੇ ਤਾਂ ਮੁਸਮਲੀਗ ਦੀ ਗੱਲ ਮੰਨਣੀ ਹੀ ਸੀ, ਪਰ ਕਾਂਗ੍ਰਸ ਨੇ ਵੀ ਇਸ ਦੀ ਮੰਗ ਅੱਗੇ ਹਥਿਆਰ ਸੁਟ ਕੇ ਪਾਕਿਸਤਾਨ ਦੀ ਮੰਗ ਦੀ ਪ੍ਰਵਾਨਗੀ ਦੇ ਦਿੱਤੀ। ਦੇਸ਼ ਦੀ ਵੰਡ ਇਸ ਤਰ੍ਹਾਂ ਕਿਸੇ ਦਰਿਆ, ਕਿਸੇ ਪਹਾੜ ਜਾਂ ਹੋਰ ਕੁਦਰਤੀ ਹੱਦ ਨੂੰ ਮਿਥ ਕੇ ਨਹੀਂ ਕੀਤੀ ਗਈ, ਸਗੋਂ ਇਕ ਪਾਸੇ ਮੁਸਲਮਾਨਾਂ ਅਤੇ ਦੂਜੇ ਪਾਸੇ ਹਿੰਦੂ, ਸਿਖਾਂ ਆਦਿ ਦੀ ਗਿਣਤੀ ਨੂੰ ਮੁਖ ਰਖ ਕੇ ਕੀਤੀ ਗਈ। ਲੱਖਾਂ ਦੀ ਗਿਣਤੀ ਵਿਚ ਹਿੰਦੂ ਅਤੇ ਸਿਖ ਪੰਜਾਬ ਦੇ ਇਕ ਹਿੱਸੇ ਨੂੰ ਛੱਡ ਕੇ ਬਰਬਾਦੀ ਦੀ ਹਾਲਤ ਵਿਚ ਦੂਜੇ ਹਿੱਸੇ ਵਿਚ ਆ ਆਬਾਦ ਹੋਏ ਅਤੇ ਇਸੇ ਤਰ੍ਹਾਂ ਇਧਰੋਂ ਮੁਸਲਮਾਨਾਂ ਨੂੰ ਆਪਣੇ ਘਰ ਘਾਟ ਛੱਡ ਕੇ ਪਾਕਿਸਤਾਨ ਜਾਣਾ ਪਿਆ। ਪਾਕਿਸਤਾਨ ਤਾਂ ਨਿਰੋਲ ਮੁਸਲਮਾਨੀ ਦੇਸ਼ ਬਣ ਗਿਆ, ਪਰ ਹਿੰਦੁਸਤਾਨ ਵਿਚ ਹਰ ਮਜ਼ੁਬ ਦਾ ਸਤਿਕਾਰ ਕਰਨ ਅਤੇ ਉਸ ਨੂੰ ਪੂਰੇ ਹੱਕ ਦੇਣ ਦਾ ਵਿਸ਼ਵਾਸ ਦਿਵਾਇਆ ਗਿਆ। ਪਰ ਇਸ ਵਿਸ਼ਵਾਸ ਨੂੰ ਕਿਤਨਾ ਵੱਡਾ ਧੱਕਾ ਵਜਿਆ ਜਦੋਂ ੩੦ ਜਨਵਰੀ ੧੯੪੮ ਨੂੰ ਬਿਰਲਾ ਮੰਦਰ ਦੇ ਇਕ ਅਸਥਾਨ ਤੇ ਪੰਡਤ ਜਵਾਹਰ ਲਾਲ ਨਹਿਰੂ ਜ਼ਮੀਨ ਤੇ ਬੈਠੇ ਇਕ ਕੰਧ ਨਾਲ ਸਿਰ ਦੀ ਢੋਹ ਲਾ ਕੇ ਰੋ ਰਹੇ ਸਨ ਅਤੇ ਦੁਨੀਆ ਭਰ ਵਿਚ ਰੇਡੀਓ ਤੇ ਇਹ ਦੁਖਦਾਈ ਖਬਰ ਸੁਣਾਈ ਜਾ ਰਹੀ ਸੀ ਕਿ ਸ਼ਾਮ ਨੂੰ ਪੰਜ ਵਜ ਕੇ ਵੀਹ ਮਿੰਟ ਤੇ ਗਾਂਧੀ ਜੀ ਦੀ ਨਵੀਂ ਦਿੱਲੀ ਵਿਚ ਹਤਿਆ ਕਰ ਦਿਤੀ ਗਈ ਹੈ।

ਗਾਂਧੀ ਜੀ ਦਾ ਅੱਜ ਸਾਰੀਆਂ ਪਾਰਟੀਆਂ ਹੀ ਨਾਮ ਵਰਤ ਰਹੀਆਂ ਹਨ, ਪਰ ਕੀ ਉਸ ਆਦਰਸ਼ ਦੀ, ਕੋਈ ਪਾਰਟੀ ਵੀ ਵਰਤੋਂ ਕਰ ਰਹੀ ਹੈ ਜਿਸ ਦੀ ਪੂਰਤੀ ਲਈ ਗਾਂਧੀ ਜੀ ਨੂੰ ਆਪਣੀ ਜਾਨ ਦੇਣੀ ਪਈ? ਗਾਂਧੀ



www.AKJ.Org

ਜੀ ਸਾਰੇ ਹੀ ਮਜ਼ਬਾਂ ਦਾ ਸਤਿਕਾਰ ਕਰਦੇ ਸਨ, ਪਰ ਉਹ ਆਪਣੇ ਆਪ ਨੂੰ ਪੱਕਾ ਹਿੰਦੂ ਕਹਿੰਦੇ ਸਨ। ਉਨ੍ਹਾਂ ਦਾ ਕਥਨ ਸੀ ਕਿ 'ਧਰਮ ਨੂੰ ਸਿਆਸਤ ਨੇ ਇਸ ਤਰ੍ਹਾਂ ਆਪਣੀ ਲਪੇਟ ਵਿਚ ਲਿਆ ਹੋਇਆ ਹੈ ਕਿ ਧਰਮ ਨੂੰ ਸਿਆਸਤ ਤੋਂ ਅੱਡ ਨਹੀਂ ਕੀਤਾ ਜਾ ਸਕਦਾ।' ਹਾਂ ਸਿਆਸਤ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ, ਇਕ ਸਿਆਸਤ ਹੈ ਆਪਣੇ ਬਚਾਉ ਲਈ ਅਤੇ ਦੂਜੀ ਹੈ ਮੈਂਬਰੀਆਂ ਜਾਂ ਅਹੁਦੇਦਾਰੀਆਂ ਦੀ ਪ੍ਰਾਪਤੀ ਲਈ। ਦੂਜੀ ਕਿਸਮ ਦੀ ਸਿਆਸਤ ਦੀ ਵਰਤੋਂ ਧਰਮ ਲਈ ਜ਼ਰੂਰ ਹਾਨੀਕਾਰਕ ਹੈ। ਪਰ ਇਸ ਮੰਤਵ ਲਈ ਤਾਂ ਗੁਰਦੁਆਰਾ ਐਕਟ ਵਿਚ ਤਰਮੀਮ ਕਰਨ ਦੀ ਜ਼ਰੂਰਤ ਨਹੀਂ।

ਸਾਡੇ ਦੇਸ਼ ਵਿਚ ਧਰਮ ਦਾ ਹਮੇਸ਼ਾ ਹੀ ਸਿਆਸਤ ਵਿਚ ਦਖ਼ਲ ਰਿਹਾ ਹੈ। ਇਥੋਂ ਤਕ ਕਿ ਦੇਸ਼ ਦੀ ਆਜ਼ਾਦੀ ਦਾ ੧੪ ਅਤੇ ੧੫ ਅਗਸਤ ਦੀ ਦਰਮਿਆਨੀ ਰਾਤ ਦਾ ਸਮਾਂ ਵੀ ਕਿਸੇ ਰਾਜਸੀ ਨੇਤਾ ਦੀ ਸਲਾਹ ਨਾਲ ਨਹੀਂ ਸੀ ਨੀਯਤ ਕੀਤਾ ਗਿਆ, ਸਗੋਂ ਜੋਤਸ਼ੀਆਂ ਨੇ ਇਹ ਸਮਾਂ ਠੀਕ ਦੱਸਿਆ ਸੀ। ੧੪ ਅਗਸਤ ਦੀ ਰਾਤ ਨੂੰ ਭਾਰਤ ਦੇ ਪਹਿਲੇ ਪ੍ਰਧਾਨ ਰਾਜਿੰਦਰ ਪ੍ਰਸ਼ਾਦ ਨੇ ਪਵਿੱਤਰ ਅਗਨੀ ਦੇ ਨੇੜੇ ਬੈਠ ਕੇ ਵੇਦਕ ਰੀਤੀ ਅਨੁਸਾਰ ਗਾਇਨ ਕੀਤੇ ਜਾ ਰਹੇ ਸਲੋਕਾਂ ਦਾ ਪਾਠ ਸੁਣਿਆ। ਫਿਰ ਉਨ੍ਹਾਂ ਨੇ ਇਸ ਦੇ ਇਰਦ ਗਿਰਦ ਫੇਰੇ ਲਏ ਅਤੇ ਆਪਣੇ ਮੱਥੇ ਪੁਰ ਤਿਲਕ ਲਗਵਾਇਆ। ਪੰਡਤ ਜਵਾਹਰ ਲਾਲ ਨਹਿਰੂ ਦੀ ਕੋਠੀ ੧੭ ਯਾਰਕ ਰੋਡ ਤੇ ਵੀ ਸੰਨਿਆਸੀ ਦੇ ਇਕ ਜਥੇ ਨੇ ਪੁਜ ਕੇ ਪੰਡਤ ਜੀ ਦੇ ਮਸਤਕ ਤੇ ਵਿਭੂਤੀ ਲਗਾਈ। ਉਸ ਸਮੇਂ ਇੰਦਰਾ ਗਾਂਧੀ ਭੀ ਪੰਡਤ ਜੀ ਦੇ ਪਾਸ ਹੀ ਸਨ।... ..

ਜਿਥੋਂ ਤਕ ਗੁਰਦੁਆਰਾ ਐਕਟ ਦਾ ਸੰਬੰਧ ਹੈ, ਉਸ ਦੀਆਂ ਧਾਰਾਵਾ ੨੯ ਅਤੇ ੧੦੮ (੩) ਕੋਈ ਭੁਲੇਖਾ ਨਹੀਂ ਰਹਿਣ ਦਿੰਦੀਆਂ ਕਿ ਸ਼ਰੋਮਣੀ ਕਮੇਟੀ ਦੇ ਕੀ ਅਧਿਕਾਰ ਹਨ ਅਤੇ ਕਿਸੇ ਕਿਸਮ ਦੇ ਮਾਮਲਿਆਂ ਵਿਚ ਉਸ ਵਲੋਂ ਦਖ਼ਲ ਨਹੀਂ ਦਿਤਾ ਜਾ ਸਕਦਾ ਧਾਰਾ ੨੯ ।ਵਚ ਦਰਜ ਹੈ ਕਿ "ਸ਼ਰੋਮਣੀ ਕਮੇਟੀ ਆਪਣੀ ਕਿਸੇ ਇਕੱਤਰਤਾ ਵਿਚ ਉਨ੍ਹਾਂ ਮਾਮਲਿਆਂ ਤੇ ਹੀ ਵਿਚਾਰ ਕਰ ਸਕਦੀ ਹੈ ਜਿਨ੍ਹਾਂ ਪੁਰ ਇਸ ਐਕਟ ਦੇ ਅਧੀਨ ਇਸ ਨੂੰ ਕੋਈ ਕਾਰਵਾਈ ਕਰਨ ਦੇ ਅਧਿਕਾਰ ਹਨ ਜਾਂ ਜਿਹੜੇ ਮਾਮਲੇ ਸਿਧੇ ਸਿਖ ਧਰਮ ਨਾਲ ਸੰਬੰਧਤ ਹਨ, ਪਰ ਹੋਰ ਕਿਸੇ ਮਾਮਲੇ ਤੇ ਨਾ ਹੀ ਇਹ ਆਪਣੀ ਇਕੱਤ੍ਰਤਾ ਵਿਚ ਵਿਚਾਰ ਕਰ ਸਕਦੀ ਹੈ ਅਤੇ ਨਾ ਹੀ ਇਸ ਕਿਸਮ ਦਾ ਕੋਈ ਮਤਾ ਪਾਸ ਕਰ ਸਕਦੀ ਹੈ?' ਗੁਰਦੁਆਰਾ ਐਕਟ ਦੀ ਧਾਰਾ ੧੦੮ (੩) ਵਿਚ ਖਰਚਾਂ ਸੰਬੰਧੀ ਅਧਿਕਾਰਾਂ ਦਾ ਵਰਨਣ ਹੈ। ਇਸ ਵਿਚ ਸਪੱਸ਼ਟ ਤੌਰ ਤੇ ਇਹ ਦਰਜ ਹੈ ਕਿ ਸ਼ਰੋਮਣੀ ਕਮੇਟੀ ਪਾਸ ਜਿਹੜੀ ਰਕਮ ਆਪਣੇ ਜ਼ਰੂਰੀ ਖਰਚ ਕੱਢਣ ਮਗਰੋਂ ਬਚਦੀ ਹੈ ਉਹ ਸ਼ਰੋਮਣੀ ਕਮੇਟੀ ਵਲੋਂ ਕਿਸੇ ਧਾਰਮਕ ਖ਼ਰਾਇਤੀ ਵਿਦਿਆ ਜਾਂ ਇੰਡਸਟਰੀ ਦੇ ਮੰਤਵਾਂ ਲਈ ਖਰਚ ਕੀਤੀ ਜਾ ਸਕਦੀ ਹੈ ਜਾਂ ਇਹ ਐਸੇ ਗੈਰ-ਸਿਆਸੀ ਮੰਤਵਾਂ ਤੇ ਖਰਚ ਹੋ ਸਕਦੀ ਹੈ ਜਿਹੜੇ ਕਿ ਪੰਥਕ ਭਲਾਈ ਨਾਲ ਸੰਬੰਧ ਰਖਦੇ ਹੋਣ।'

ਐਕਟ ਦੀਆਂ ਉਕਤ ਦੋਵੇਂ ਧਾਰਾਵਾਂ ਬੜੀਆਂ ਸਪੱਸ਼ਟ ਹਨ, ਇਕ ਵਿਚ ਜ਼ਾਤੀ ਰਾਜਸੀ ਮੰਤਵਾਂ ਤੇ ਵਿਚਾਰ ਕਰਨ ਦੀ ਬੰਦਸ਼ ਹੈ ਅਤੇ ਦੂਜੀ ਵਿਚ ਇਸ ਕਿਸਮ ਦੇ ਸਿਆਸੀ ਮੰਤਵਾਂ ਤੇ ਸ਼ਰੋਮਣੀ ਕਮੇਟੀ ਦੇ ਫੰਡ ਖਰਚ ਕਰਨ ਤੇ ਰੁਕਾਵਟ ਹੈ। ਜੇ ਕੋਈ ਅਹੁਦੇਦਾਰ ਐਕਟ ਦੀ ਉਲੰਘਣਾ ਕਰਕੇ ਆਪਣੇ ਅਧਿਕਾਰਾਂ ਦੀ ਅਯੋਗ ਵਰਤੋਂ ਕਰਦਾ ਹੈ ਤਾਂ ਐਕਟ ਦੀ ਧਾਰਾ ੧੪੭ ਦੇ ਅਧੀਨ ਕੋਈ ਵੀ ਸਿਖ ਉਸ ਵਿਰੁਧ ਦਸ ਰੁਪਏ ਦੇ ਅਦਾਲਤੀ ਫੀਸ ਵਾਲੇ ਕਾਗਜ਼ ਤੇ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਵਿਚ ਦਾਅਵਾ ਕਰ ਸਕਦਾ ਹੈ। ਅਗੇ ਇਸ ਤਰ੍ਹਾਂ ਹੁੰਦਾ ਆਇਆ ਹੈ ਅਤੇ ਜੁਡੀਸ਼ਲ ਕਮਿਸ਼ਨ ਆਪਣੇ ਫੈਸਲੇ ਦਿੰਦਾ ਰਿਹਾ ਹੈ। —ਅਜੀਤ, ੧੬-੧੭ ਅਗਸਤ ੧੯੮੪

## ਸੰਪਾਦਕੀ ਨੋਟ:—

ਸਿਖ ਦਾ ਨਿਸ਼ਾਨਾ ਮੁਖ ਰੂਪ ਵਿਚ ਧਰਮ ਹੈ। ਸਿਖ ਧਰਮ ਅਨੁਸਾਰ ਧਰਮੀ ਜੀਵਨ ਬਤੀਤ ਕਰਨ ਅਤੇ ਨਾਮ ਜਪਣ ਲਈ ਹੀ ਜੀਵ ਨੂੰ ਇਸ ਸੰਸਾਰ ਵਿਚ ਭੇਜਿਆ ਗਿਆ ਹੈ। ਆਪਣਾ ਮਨੁਖਾ ਜਨਮ



www.AKJ.Org

ਸਫਲ ਕਰਨ ਲਈ ਸਿਖ ਨੇ ਗੁਰੂ ਤੋਂ ਸਿਖਿਆ ਪ੍ਰਾਪਤ ਕਰਕੇ, ਅਥਵਾ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕਰ ਕੇ ਗੁਰਸਿਖੀ ਜੀਵਨ ਦੀ ਘਾਲਣਾ ਘਾਲਣੀ ਹੈ । ਨਾਮ, ਬਾਣੀ, ਕੀਰਤਨ ਅਤੇ ਗੁਰ-ਸੰਗਤ ਦੁਆਰਾ ਆਪਣੇ ਜੀਵਨ ਨੂੰ ਗੁਰ-ਹੁਕਮਾਂ ਅਨੁਸਾਰ ਢਾਲਣਾ ਹੈ ਅਤੇ ਇਸ ਤਰ੍ਹਾਂ ਸਤਿ, ਸੰਤੋਖ, ਦਇਆ, ਧਰਮ ਤੇ ਸੁੱਚ ਦਾ ਧਾਰਨੀ ਹੋ ਕੇ ਵਾਹਿਗੁਰੂ ਪਿਤਾ ਜੀ ਨਾਲ ਇਕ-ਮਿਕ ਹੋਣਾ ਹੈ ।

ਧਰਮੀ ਜੀਵਨ ਵਾਲਾ ਪ੍ਰਾਣੀ ਨਿਰਭਉ ਹੋ ਕੇ ਵਿਚਰਦਾ ਹੈ । ਉਹ ਵਾਹਿਗੁਰੂ ਜੀ ਦੇ ਭੈ ਤੋਂ ਬਿਨਾਂ ਹੋਰ ਕਿਸੇ ਦਾ ਭੈ ਨਹੀਂ ਮੰਨਦਾ । ਨਾ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਂਦਾ ਹੈ । ਨਿਰਭਉ ਵਿਚਰਨ ਲਈ ਹੀ ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਬਿਲਕੁਲ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕੀਤੀ, ਜਿਸ ਨੂੰ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਇਕ ਉੱਚਾ ਰਾਜ ਸਿੰਘਾਸਨ ਅਥਵਾ ਸ਼ਾਹੀ ਤਖ਼ਤ ਦੇ ਸ਼ਬਦਾਂ ਨਾਲ ਸਨਮਾਨਤ ਕੀਤਾ ਹੈ । ਇਉਂ ਗੁਰੂ ਹਰਿਗੋਬਿੰਦ ਸਾਹਿਬ ਨੇ ਭਗਤੀ ਦੇ ਨਾਲ ਸ਼ਕਤੀ ਦਾ ਸੁਮੇਲ ਕਰ ਦਿਤਾ ।

ਸਿਖਾਂ ਲਈ ਇਕ ਪਾਸੇ ਸ੍ਰੀ ਹਰਿਮੰਦਰ ਸਾਹਿਬ, ਜਿਥੇ ਦਿਨ ਰਾਤ ਨਿਰੋਲ ਗੁਰਬਾਣੀ ਦਾ ਕੀਰਤਨ ਹੁੰਦਾ, ਜਿਥੇ ਕੋਈ ਲੈਕਚਰ ਜਾਂ ਕਥਾ ਵਖਿਆਨ ਨਹੀਂ ਹੋ ਸਕਦਾ ਅਤੇ ਨਾ ਹੀ ਕੋਈ ਨਾਹਰਾ ਜਾਂ ਜੈਕਾਰਾ ਗਜਾਇਆ ਜਾ ਸਕਦਾ, ਬਸ ਨਿਰੋਲ ਨਾਮ ਬਾਣੀ ਤੇ ਧਰਮ ਦਾ ਮੁਜੱਸਮਾ ਹੀ । ਪਰ ਸ੍ਰੀ ਹਰਿਮੰਦਰ ਸਾਹਿਬ ਦੇ ਬਿਲਕੁਲ ਸਾਹਮਣੇ ਸਿਖਾਂ ਲਈ ਸ੍ਰੀ ਅਕਾਲ ਤਖ਼ਤ ਅਥਵਾ ਸ਼ਾਹੀ ਤਖ਼ਤ ਦੀ ਰਚਨਾ, ਜਿਥੇ ਗੁਰਬਾਣੀ ਕੀਰਤਨ ਤੋਂ ਇਲਾਵਾ ਸੂਰਬੀਰ ਜੋਧਿਆਂ ਦੀਆਂ ਵਾਰਾਂ ਗਾਵੀਆਂ ਜਾਂਦੀਆਂ, ਜਿਥੇ ਹਰ ਮੁਸ਼ਕਲ ਸਮੇਂ ਪੰਥ ਵਲੋਂ ਰਾਜਸੀ ਤੇ ਧਾਰਮਕ ਮਸਲਿਆਂ ਤੇ ਵਿਚਾਰਾਂ ਹੁੰਦੀਆਂ । ਬੰਦਾ ਬਹਾਦਰ ਤੋਂ ਪਿਛੋਂ ਸਰਬੱਤ ਖਾਲਸਾ, ਦਲ ਖਾਲਸਾ ਅਤੇ ੧੨ ਮਿਸਲਾਂ ਦੇ ਅਕਾਲ ਤਖ਼ਤ ਦੇ ਸਾਹਮਣੇ ਇਕੱਠ ਹੁੰਦੇ ਅਤੇ ਪੰਥ ਤੇ ਬਣੀਆਂ ਭੀੜਾਂ ਬਾਰੇ ਵਿਚਾਰਾਂ ਹੁੰਦੀਆਂ ਤ ਫ਼ੈਸਲੇ ਹੋ ਕੇ ਗੁਰਮਤੇ ਕੀਤੇ ਜਾਂਦੇ ।

ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੋਣਾ ਸਪਸ਼ਟ ਕਰਦਾ ਹੈ ਕਿ ਗੁਰੂ ਪਾਤਸ਼ਾਹ ਨੇ ਧਰਮ ਦੇ ਸਾਹਮਣੇ ਰਾਜਨੀਤੀ ਅਥਵਾ ਸਿਆਸਤ ਖੜੀ ਕਰ ਦਿਤੀ। ਹਰਿਮੰਦਰ ਸਾਹਿਬ ਤੋਂ ਅਕਾਲ ਤਖ਼ਤ ਸਾਹਿਬ ਦੂਰ ਨਹੀਂ ਕੀਤਾ ਜਾ ਸਕਦਾ । ਇਹ ਇਕ ਦੂਜੇ ਦੇ ਲਾਗੇ ਹੀ ਰਹਿਣੇ ਹਨ । ਗੱਲ ਸਿਧੀ ਹੈ ਕਿ ਧਰਮ ਤੋਂ ਰਾਜਨੀਤੀ ਨੂੰ ਦੂਰ ਨਹੀਂ ਲਿਜਾਇਆ ਸਕਦਾ, ਇਹ ਇਕ ਦੂਜੇ ਦੇ ਨੇੜੇ ਹੀ ਰਹਿਣਗੇ ।

ਪਰ ਇਕ ਗੱਲ ਬੜੀ ਸਪਸ਼ਟ ਹੈ ਕਿ ਰਾਜਨੀਤੀ ਨੇ ਧਰਮ ਦੇ ਅਧੀਨ ਹੀ ਚਲਣਾ ਹੈ ਅਤੇ ਕਿਸੇ ਸਮੇਂ ਭੀ ਧਰਮ ਦੇ ਉਤੇ ਭਾਰੂ ਨਹੀਂ ਹੋਣਾ । ਦੂਜੇ ਸ਼ਬਦਾਂ ਵਿਚ, ਰਾਜਨੀਤੀ ਧਰਮ ਤੋਂ ਬਿਨਾਂ ਥੋਥੀ ਹੈ । ਧਰਮ ਨੇ ਹਰ ਹਾਲਤ ਵਿਚ ਮੁਖ ਰਹਿਣਾ ਹੈ । ਧਰਮ ਹੀ ਸਾਰੇ ਜੀਵਨ-ਸੰਘਰਸ਼ਾਂ ਦਾ ਧੁਰਾ ਹੈ । ਧਰਮ ਨੂੰ ਪਾਸੇ ਕਰ ਕੇ ਨਿਰਾ ਪੂਰਾ ਰਾਜਨੀਤਕ ਜੀਵਨ ਧਾਰਨ ਕਰ ਲੈਣਾ ਸਰਾਸਰ ਝੂਠ ਹੈ, ਧੋਖਾ ਹੈ, ਫ਼ਰੇਬ ਹੈ । ਧਰਮ ਤਿਆਗ ਕੇ ਕੇਵਲ ਰਾਜਨੀਤੀ ਦੇ ਪਿਛੇ ਭਜ ਪੈਣਾ ਆਪਣੇ ਆਪ ਨਾਲ ਵੀ ਠੱਗੀ ਹੈ ਅਤੇ ਸਮਾਜ ਨਾਲ ਵੀ ਮੱਕਾਰੀ ਹੈ ।

ਸਿਖ ਦੀ ਰਾਜਨੀਤੀ ਵੀ ਦੂਜੇ ਅਰਥਾਂ ਵਿਚ ਧਰਮ ਹੀ ਹੈ । ਸਿਖ ਨੇ ਆਪਣਾ ਜਨਮ ਸਫਲ ਕਰਨ ਲਈ ਨਾਮ ਬਾਣੀ ਦੇ ਲੜ ਲਗ ਕੇ, ਭਗਤੀ ਕਰ ਕੇ ਧਰਮ ਦੀ ਕਿਰਤ ਕਰ ਕੇ ਵੰਡ ਕੇ, ਛਕਦਿਆਂ ਹੋਇਆਂ ਜਿਥੇ ਧਰਮ ਕਮਾਣਾ ਹੈ ਉਥੇ ਸ੍ਵੈ-ਰਖਿਆ ਲਈ ਅਤੇ ਦੀਨਾਂ ਦੁਖੀਆਂ ਤੇ ਮਜ਼ਲੂਮਾਂ ਨੂੰ ਦੁਸ਼ਟਾਂ ਦੋਖੀਆਂ ਤੋਂ ਬਚਾਉਣ ਲਈ ਸ਼ਕਤੀ ਵਰਤ ਕੇ ਵੀ ਸਹੀ ਅਰਥਾਂ ਵਿਚ ਧਰਮ ਹੀ ਕਮਾਣਾ ਹੈ ।

ਸੋ ਸਿਖ ਲਈ ਭਗਤੀ ਤੇ ਸ਼ਕਤੀ ਦੋਵੇਂ ਜ਼ਰੂਰੀ ਹਨ । ਸ਼ਕਤੀ ਨੇ ਭਗਤੀ ਦੇ ਨਾਲ ਹੀ ਰਹਿਣਾ ਹੈ। ਇਨ੍ਹਾਂ ਨੂੰ ਨਿਖੇੜਿਆ ਨਹੀਂ ਜਾ ਸਕਦਾ ।



www.AKJ.Org

# ਬਾਜਾਂ ਵਾਲੇ ਦੇ ਬਾਜਾਂ ਦੇ ਅਲੌਕਿਕ ਕ੍ਰਿਸ਼ਮੇ

ਖਾਲਸਾ ਅਕਾਲ ਪੁਰਖ ਕੀ ਫਉਜ॥ ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮਉਜ॥
ਅਤੇ—ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹਉ ਕਰਉ ਨਿਵਾਸ॥

ਦਸਮੇਸ਼ ਪਿਤਾ ਜੀ ਨੇ ਅਕਾਲ ਪੁਰਖ ਦੀ ਆਗਿਆ ਅਨੁਸਾਰ ਤੀਸਰ ਪੰਥ ਖਾਲਸਾ ਸਾਜ ਕੇ, ਇਸ ਨੂੰ ਆਪਣਾ ਖ਼ਾਸ ਰੂਪ ਬਖਸ਼ਿਆ ਅਤੇ ਖਾਲਸੇ ਵਿਚ ਆਪਣਾ ਆਪਾ ਸਮੋ ਦਿਤਾ। ਪੰਥ ਦਾ ਮਾਲੀ ਤੇ ਵਾਲੀ ਆਪਣੇ ਪੰਥ ਦੀ ਸਦਾ ਹੀ ਸਾਰ-ਸੰਭਾਲ ਕਰਦੇ ਹਨ। ਜਦੋਂ ਜਦੋਂ ਵੀ ਪੰਥ ਤੇ ਕੋਈ ਔਕੜ ਆਈ ਹੈ, ਚੋਜੀ ਪਾਤਸ਼ਾਹ ਆਪਣੇ ਸਾਜੇ ਖਾਲਸੇ ਨੂੰ ਢਾਰਸ ਦੇਣ ਲਈ, ਆਪਣੇ ਚੋਜ-ਬਿਨੋਦੀ ਕੌਤਕ ਵਰਤਾਂਦੇ ਰਹੇ ਹਨ। ਜਿਹਾ ਕਿ—

ਗੁਰੂ ਕੇ ਬਾਗ ਦੇ ਮੋਰਚੇ ਸਮੇਂ ਜ਼ਾਲਮ ਤੇ ਹਤਿਆਰਾ ਬੀ. ਟੀ. ਜਦੋਂ ਸਿੰਘਾਂ ਤੇ ਬੇਰਹਿਮਾਨਾ ਡਾਂਗਾਂ ਵਰ੍ਹਾਉਂਦਾ ਸੀ ਤਾਂ ਕਲਗੀਧਰ ਜੀ ਦਾ ਬਾਜ਼ ਉਪਰ ਉਡਦਾ ਹੋਇਆ ਫੜਫੜਾਉਂਦਾ ਹੁੰਦਾ ਸੀ ਅਤੇ ਗੁਰੂ ਕੇ ਬਾਗ ਨੂੰ ਜਾਂਦੇ ਜਥਿਆਂ ਦੇ ਉਪਰ ਉਪਰ ਉਡਦਾ ਜਾਂਦਾ ਸੀ।

ਇਸੇ ਤਰ੍ਹਾਂ ਪੰਜਾਬ ਦੀ ਵੰਡ ਸਮੇਂ ਜਦੋਂ ਸਿੰਘਾਂ ਤੇ ਮੁਸੀਬਤਾਂ ਦੇ ਪਹਾੜ ਆ ਟੁਟੇ ਅਤੇ ਹਜ਼ਾਰਾਂ ਲਖਾਂ ਦੀ ਗਿਣਤੀ ਵਿਚ ਕਤਲੋ-ਗ਼ਾਰਤ ਹੋਈ ਅਤੇ ਬਾਕੀ ਬਚੇ ਖੁਚੇ ਉਜੜ ਪੁਜੜ ਕੇ ਬੇ-ਸਰੋ-ਸਮਾਨ ਤੇ ਡਾਵਾਂ ਡੋਲ ਹੋਇ ਪੂਰਬੀ ਪੰਜਾਬ ਵਿਚ ਥਾਂ-ਪਰ-ਥਾਂ ਭਟਕਦੇ ਫਿਰਦੇ ਸਨ ਤਾਂ ਓਦੋਂ ਵੀ ੧੯੪੮ ਵਿਚ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਦਸਮੇਸ਼ ਜੀ ਦੇ ਅਲੌਕਿਕ ਬਾਜ਼ ਦੇ ਦਰਸ਼ਨ ਕਰ ਕੇ ਸੰਗਤਾਂ ਆਪਣੇ ਆਪ ਨੂੰ ਧੀਰਜ ਬੰਨ੍ਹਾਉਂਦੀਆਂ ਰਹੀਆਂ। ਉਸ ਸਮੇਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਦੂਖ ਨਿਵਾਰਨ ਸਾਹਿਬ ਪੁਜ ਕੇ ਦੋ ਵੇਰ ਇਸ ਅਨੋਖੇ ਬਾਜ਼ ਦੇ ਦਰਸ਼ਨ ਕੀਤੇ। ਓਦੋਂ ਭਾਈ ਸਾਹਿਬ ਜੀ ਨੇ "ਬਾਜ਼ ਜੀ ਦੇ ਦਰਸ਼ਨ" ਨਾਮੀ ਲੇਖ ਲਿਖ ਕੇ ਅਖ਼ਬਾਰਾਂ ਨੂੰ ਭੇਜਿਆ ਸੀ, ਜੋ ਪਿਛੋਂ ਜਾ ਕੇ "ਖਾਲਸਾ ਐਡਵੋਕੇਟ" ਸਪਤਾਹਕ ਪੱਤਰ, ਅੰਮ੍ਰਿਤਸਰ ਵਿਚ ਵੀ ਛਪਿਆ ਸੀ।

ਹੁਣ ੪ ਜੂਨ ਤੋਂ ੭ ਜੂਨ ਤਕ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਫ਼ੌਜੀ ਕਾਰਵਾਈ ਕਾਰਨ ਜੋ ਘਲੂਘਾਰਾ ਵਾਪਰਿਆ ਅਤੇ ਬੇਅੰਤ ਸ਼ਹੀਦੀਆਂ ਤੇ ਕਹਿਰਾਂ ਦੀ ਤਬਾਹੀ ਹੋਈ ਹੈ, ਉਸ ਨੇ ਸਮੁਚੀ ਸਿਖ ਕੌਮ ਨੂੰ ਵਲੂੰਧਰ ਕੇ ਰਖ ਦਿਤਾ ਹੈ। ਇਸ ਵੇਲੇ ਕੌਮ ਆਪਣੇ ਆਪ ਨੂੰ ਬੇਸਹਾਰਾ ਸਮਝ ਰਹੀ ਹੈ ਅਤੇ ਡੋਲ ਰਹੀ ਹੈ, ਕਿਸੇ ਪਾਸਿਓਂ ਵੀ ਰੋਸ਼ਨੀ ਦੀ ਕਿਰਨ ਨਜ਼ਰ ਨਹੀਂ ਪੈਂਦੀ ਤਾਂ ਪੰਥ ਦਾ ਵਾਲੀ ਆਪਣੇ ਪੰਥ ਦਾ ਧੀਰਜ ਬੰਨ੍ਹਾਉਣ ਲਈ ਫਿਰ ਆਪਣੇ ਚੋਜੀ ਬਾਜ਼ਾਂ ਦੇ ਕੌਤਕਾਂ ਦੁਆਰਾ ਬਹੁੜੀ ਕਰ ਰਿਹਾ ਹੈ। ਸਾਰੇ ਪੰਜਾਬ ਭਰ ਵਿਚ ਵਡੇ ਵਡੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਅਜਿਹੇ ਅਨੇਕਾਂ ਹੀ ਚੋਜ-ਚੱਲਿਤੀ ਬਾਜ਼ ਆਪਣੇ ਕੌਤਕ ਵਰਤਾ ਰਹੇ ਹਨ ਕਿਤੇ ਤਾਂ ਗੁਰਦੁਆਰਾ ਸਾਹਿਬਾਨ ਦੇ ਨਿਸ਼ਾਨ ਸਾਹਿਬਾਂ ਅਤੇ ਕਲਸਾਂ ਉਪਰ ਸੰਗਤਾਂ ਦੀ ਦਰਸ਼ਨੀ ਖਿਚ ਦਾ ਕੇਂਦਰ ਬਣਦੇ ਹਨ ਤੇ ਕਿਤੇ ਗੁਰਦੁਆਰਾ ਸਾਹਿਬਾਂ ਦੇ ਅੰਦਰ ਨਿਝਕ ਹੋ ਕੇ ਪਾਲਕੀਆਂ ਤੇ ਦਸਮੇਸ਼ ਜੀ ਦੀਆਂ ਫ਼ੋਟੋਆਂ ਤੇ ਆ ਬੈਠਦੇ ਹਨ। ਇਥੇ ਹੀ ਬਸ ਨਹੀਂ, ਜਦ ਕਈ ਥਾਵਾਂ ਤੇ ਸੰਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਚੌਕੀ ਤੇ ਕਪੜਾ ਵਿਛਾਇਆ ਤਾਂ ਬਾਜ਼ ਜੀ ਉਥੇ ਆ ਬੈਠੇ ਅਤੇ ਇਕ-ਟਕ ਹੋ ਕੇ ਕੀਰਤਨ-ਪਾਠ ਸੁਣਦੇ ਹਨ। ਅਜਿਹੇ ਅਨੇਕਾਂ ਥਾਵਾਂ ਤੇ ਸ੍ਰੀ ਅਖੰਡਪਾਠ ਜਾਰੀ ਹਨ। ਸਿਖ ਸੰਗਤਾਂ ਦੀ ਗਹਿਮਾ-ਗਹਿਮ ਦੇ ਬਾਵਜੂਦ ਵੀ ਬਾਜ਼ ਜੀ ਨਿਝਕ ਹੋ ਕੇ ਸੰਗਤਾਂ ਦੇ ਦਰਮਿਆਨ ਸਸ਼ੋਭਤ ਹੋ ਰਹੇ ਹਨ। ਜੈਕਾਰਿਆਂ ਸਮੇਂ ਪੱਰ ਫੜਫੜਾਂਦੇ ਹਨ ਤੇ ਸਿਰ ਨਿਵਾਂਦੇ ਹਨ।

---

*ਭਾਈ ਸਾਹਿਬ ਜੀ ਦਾ ਉਪਰੋਕਤ ਲੇਖ ਜੇ ਕਿਤੇ ਪ੍ਰਾਪਤ ਹੋ ਗਿਆ ਤਾਂ 'ਸੂਰਾ' ਵਿਚ ਵੀ ਛਾਪ ਦਿਤਾ ਜਾਏਗਾ।



www.AKJ.Org

ਕਈ ਥਾਵਾਂ ਤੋਂ ਬਾਜ਼ ਜੀ ਦੇ ਸਰੀਰ ਤਿਆਗਣ ਦੀਆਂ ਖ਼ਬਰਾਂ ਪੁਜ ਰਹੀਆਂ ਹਨ ਅਤੇ ਸੰਗਤਾਂ ਭਾਰੀ ਜਲੂਸ ਦੀ ਸ਼ਕਲ ਵਿਚ ਸ਼ਬਦ ਕੀਰਤਨ ਕਰਦੇ ਹੋਇਆਂ ਉਨ੍ਹਾਂ ਦਾ ਸਸਕਾਰ ਕਰਦੀਆਂ ਹਨ, ਜਿਹਾ ਕਿ ਇਥੇ ਸ੍ਰੀ ਅੰਮ੍ਰਿਤਸਰ ਜੀ ਵਿਖੇ ਗੁਰਦੁਆਰਾ ਸ਼ਹੀਦ ਅਸਥਾਨ ਬਾਬਾ ਦੀਪ ਸਿੰਘ ਜੀ ਵਿਖੇ ਬਹੁਤ ਕਰਕੇ ਬਾਜ਼ ਜੀ ਦਰਸ਼ਨ ਦੇ ਰਹੇ ਹਨ ਅਤੇ ਹੁਣ ਤਕ ਤਿੰਨ ਬਾਜ਼ ਸਰੀਰ ਤਿਆਗ ਚੁਕੇ ਹਨ, ਜਿਨ੍ਹਾਂ ਦਾ ਸਸਕਾਰ ਸੰਗਤਾਂ ਦੇ ਭਾਰੀ ਇਕੱਠ ਵਿਚ ਗੁਰਦੁਆਰਾ ਬਿਬੇਕਸਰ ਲਾਗੇ ੧੯੭੮ ਦੇ ਸ਼ਹੀਦਾਂ ਦੇ ਸਸਕਾਰ-ਅਸਥਾਨ ਤੇ ਕੀਤਾ ਗਿਆ ਹੈ। ਇਸੇ ਤਰ੍ਹਾਂ ਪਹਿਲਾਂ ਪਿੰਡ ਇਬਨ (ਨੇੜੇ ਜਲੰਧਰ) ਵਿਚ ਅਤੇ ਫਿਰ ਫਿਲੌਰ ਅਤੇ ਉਸ ਤੋਂ ਬਾਅਦ ਹੋਰ ਕਈ ਥਾਵਾਂ ਤੇ ਬਾਜ਼ ਜੀ ਦੇ ਸਸਕਾਰ ਹੋਏ ਹਨ। ਇਸ ਕੌਤਕ ਨੂੰ ਸਤਿਗੁਰੂ ਹੀ ਜਾਣਨ ਕਿ ਕੀ ਖੇਡ ਹੈ।

ਬਾਜ਼ ਦੀ ਥਾਂ-ਪਰ-ਥਾਂ ਆਮਦ ਦਾ ਪੂਰਾ ਵੇਰਵਾ ਤਾਂ ਨਹੀਂ, ਪਰ ਜਿੰਨਾ ਕੁ ਅਜੀਤ ਅਖ਼ਬਾਰ ਵਿਚੋਂ ਮਿਲ ਸਕਿਆ ਹੈ, ਉਸ ਨੂੰ ਸੰਖੇਪ ਰੂਪ ਵਿਚ ਹੇਠਾਂ ਦਿਤਾ ਜਾਂਦਾ ਹੈ—

——ਜਲੰਧਰ, ੭ ਅਗਸਤ, ਬਸਤੀ ਮਿਠੂ ਗੁ: ਸ੍ਰੀ ਗੁਰੂ ਸਿੰਘ ਸਭਾ ਵਿਖੇ ਅਲੌਕਿਕ ਬਾਜ਼ ਦੇ ਲੱਖਾਂ ਸ਼ਰਧਾਲੂਆਂ ਨੇ ਅਜ ਫਿਰ ਦਰਸ਼ਨ ਕੀਤੇ। ਕਲ੍ਹ ਤੋਂ ਮੁਖ ਦਰਵਾਜ਼ੇ ਉਪਰ ਬੈਠਾ ਹੋਇਆ ਹੈ ਅਤੇ ਦੋ ਸਿੰਘ ਸਜੇ ਖਬੇ ਬੈਠੇ ਸਿਖ ਸੰਗਤਾਂ ਦੀਆਂ ਭੇਟਾ ਲੈ ਰਹੇ ਹਨ। ਰੱਬੀ ਬਾਣੀ ਦਾ ਇਲਾਹੀ ਕੀਰਤਨ ਹੋ ਰਿਹਾ ਹੈ। ਬੇਅੰਤ ਸੰਗਤਾਂ ਦੀਆਂ ਭੀੜਾਂ ਪੁਜ ਰਹੀਆਂ ਹਨ। ਸ਼ਰਧਾਲੂਆਂ ਨੇ ਸੰਗਤਾਂ ਲਈ ਬਜ਼ਾਰਾਂ ਵਿਚ ਛਬੀਲਾਂ ਲਾ ਰਖੀਆਂ ਸਨ।——ਜਲੰਧਰ ਦੇ ਗੁਰਦੁਆਰਾ ਮਾਡਲ ਟਾਊਨ ਵਿਖੇ ਅਜ ਤੀਜੇ ਦਿਨ ਵੀ ਬਾਜ਼ ਨੇ ਨਿਸ਼ਾਨ ਸਾਹਿਬ ਤੇ ਬੈਠ ਕੇ ਅਨੇਕਾਂ ਸੰਗਤਾਂ ਨੂੰ ਦਰਸ਼ਨ ਦਿਤੇ।——ਇਸੇ ਤਰ੍ਹਾਂ ਗੁਰਦੁਆਰਾ ਦੀਵਾਨ ਅਸਥਾਨ ਵਿਖੇ, ਜਿਥੇ ਐਤਵਾਰ ਨੂੰ ਬਾਜ਼ ਦੇ ਦਰਸ਼ਨ ਹੋਏ ਸਨ, ਅਜ ਫਿਰ ਸੰਗਤਾਂ ਨੇ ਦਰਸ਼ਨ ਕੀਤੇ।——ਇਸ ਤੋਂ ਪਹਿਲਾਂ ਇਸ ਅਲੌਕਿਕ ਬਾਜ਼ ਨੇ ਪਹਿਲਾਂ ਚੰਡੀਗੜ੍ਹ ਗੁਰਦੁਆਰਾ ਵਿਖੇ ਦਰਸ਼ਨ ਦਿਤੇ ਸਨ। ਫਿਰ ਸ੍ਰੀ ਅੰਮ੍ਰਿਤਸਰ ਦੇ ਗੁਰਦੁਆਰਾ ਸ਼ਹੀਦਾਂ ਤੇ ਬੁਰਜ ਬਾਬਾ ਫੂਲਾ ਸਿੰਘ ਵਿਖੇ ਵੀ ਦਰਸ਼ਨ ਦਿਤੇ। ਇਸ ਤੋਂ ਇਲਾਵਾ ਬਟਾਲਾ ਤੇ ਜਲੰਧਰ-ਕਪੂਰਥਲਾ ਰੋਡ ਤੇ ਪਿੰਡ ਇਬਨ ਵਿਖੇ ਵੀ ਸੰਗਤਾਂ ਨੇ ਭਾਰੀ ਗਿਣਤੀ ਵਿਚ ਦਰਸ਼ਨ ਕੀਤੇ।——ਲੁਧਿਆਣਾ, ੧੦ ਅਗਸਤ, ਪੰਜ ਕਿਲੋ ਮੀਟਰ ਦੂਰ ਪਿੰਡ ਜੱਸੀਆਂ ਦੇ ਗੁਰਦੁਆਰੇ ਵਿਖੇ ਇਕ ਅਨੋਖੇ ਬਾਜ਼ ਨੇ ਦਰਸ਼ਨ ਦਿਤੇ। ਗੁਰਦੁਆਰੇ ਦੇ ਅੰਦਰ ਪ੍ਰਕਾਸ਼ ਅਸਥਾਨ ਤੇ ਚਦਰ ਵਿਛਾ ਦਿਤੀ ਗਈ। ਹਜ਼ਾਰਾਂ ਦੀ ਗਿਣਤੀ ਵਿਚ ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਪੁਜ ਕੇ ਦਰਸ਼ਨ ਕਰ ਰਹੇ ਹਨ।——ਅਨੰਦਪੁਰ ਸਾਹਿਬ, ੧੧ ਅਗਸਤ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੇ ਲਾਗੇ ਪਏ ਨਗਾਰੇ ਤੇ ਬਾਜ਼ ਨੇ ਬੈਠ ਕੇ ਹਜ਼ਾਰਾਂ ਸੰਗਤਾਂ ਨੂੰ ਦਰਸ਼ਨ ਦਿਤੇ।——ਜਲੰਧਰ, ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਵਿਚ ਬਾਜ਼ ਨੇ ਦਰਸ਼ਨ ਦਿਤੇ।——ਕਰਤਾਰਪੁਰ, ੧੨ ਅਗਸਤ, ਸਵੇਰੇ ਸਾਢੇ ਸਤ ਵਜੇ ਗੁਰਦੁਆਰਾ ਗੰਗਸਰ ਵਿਖੇ ਬਾਜ਼ ਦੇ ਹਜ਼ਾਰਾਂ ਸੰਗਤਾਂ ਨੇ ਦਰਸ਼ਨ ਕੀਤੇ।——ਟਾਂਡਾ, ੧੪ ਅਗਸਤ, ਲਾਗਲੇ ਪਿੰਡ ਮਿਆਣੀ ਵਿਖੇ ਜੋ ਬਾਜ਼ ੮ ਅਗਸਤ ਨੂੰ ਆਇਆ ਸੀ ਉਹ ਅਜੇ ਤਕ ਠੀਕ ਠਾਕ ਹੈ। ਦੂਰ ਦੂਰ ਤੋਂ ਲੋਕ ਦਰਸ਼ਨਾਂ ਨੂੰ ਆ ਰਹੇ ਹਨ। ਉਥੇ ਲਗਾਤਾਰ ਕੀਰਤਨ ਤੇ ਅਖੰਡਪਾਠ ਜਾਰੀ ਹੈ। ਸੰਗਤਾਂ ਵਲੋਂ ਭਾਰੀ ਚੜ੍ਹਾਵਾ ਚੜ੍ਹ ਰਿਹਾ ਹੈ।——ਕਰਤਾਰਪੁਰ, ਗੁਰਦੁਆਰਾ ਥੰਮ ਸਾਹਿਬ ਵਿਖੇ ਸਵੇਰੇ ਤਿੰਨ ਵਜੇ ਨਿਸ਼ਾਨ ਤੇ ਆ ਕੇ ਬੈਠਾ। ਫਿਰ ਇਸ਼ਨਾਨ ਕਰ ਰਹੇ ਗ੍ਰੰਥੀ ਦੇ ਮੋਢੇ ਤੇ ਆ ਬੈਠਾ ਅਤੇ ਫਿਰ ਗੁਰੂ ਗੋਬਿੰਦ ਜੀ ਦੀ ਫ਼ੋਟੋ ਤੇ ਜਾ ਬੈਠਾ। ਹਜ਼ਾਰਾਂ ਸੰਗਤਾਂ ਭਾਰੀ ਗਿਣਤੀ ਵਿਚ ਸਾਈਕਲਾਂ, ਸਕੂਟਰਾਂ, ਕਾਰਾਂ ਤੇ ਟ੍ਰੈਕਟਰ ਟਰਾਲੀਆਂ ਰਾਹੀਂ ਦਰਸ਼ਨ ਲਈ ਪੁਜ ਰਹੀਆਂ ਹਨ।——ਅੰਮ੍ਰਿਤਸਰ ਗੁਰਦੁਆਰਾ ਬਿਬੇਕਸਰ ਦੇ ਵਿਹੜੇ ਵਿਚ ਸੈਂਕੜੇ ਸੰਗਤਾਂ ਦੀ ਮੌਜੂਦਗੀ ਵਿਚ ਇਕ ਬਾਜ਼ ਦਾ ਸਸਕਾਰ ਕੀਤਾ ਗਿਆ, ਜੋ ਕੇਂਦਰੀ ਜੇਲ੍ਹ ਲਾਗੇ ਬਿਜਲੀ ਦੀਆਂ ਤਾਰਾਂ ਨਾਲ ਫਟੜ ਹੋਇਆ ਸੀ ਅਤੇ ਕਾਫ਼ੀ ਇਲਾਜ ਕਰਾਉਣ ਦੇ ਬਾਵਜੂਦ ਦਮ ਤੋੜ ਗਿਆ ਸੀ।——ਤਰਨ ਤਾਰਨ, ੧੫ ਅਗਸਤ, ਦਸ ਕਿਲੋਮੀਟਰ ਦੂਰ ਪਿੰਡ ਬਾਣੀਆਂ ਵਿਚ ਇਕ ਬਾਜ਼ ਨੇ ਭਾ: ਨਿਰਮਲ ਸਿੰਘ ਦੇ ਟਿਊਬਵੈੱਲ ਤੇ ਸਵੇਰੇ ਸਾਢੇ ਚਾਰ ਵਜੇ ਇਸ਼ਨਾਨ



www.AKJ.Org

ਕੀਤਾ ਅਤੇ ਫਿਰ ਭਾਈ ਸਾਹਿਬ ਉਸ ਨੂੰ ਗੁਰਦੁਆਰੇ ਲੈ ਆਏ । ਇਲਾਕੇ ਦੀਆਂ ਸੈਂਕੜੇ ਸੰਗਤਾਂ ਨੇ ਯਾਰ੍ਹਾਂ ਵਜੇ ਤਕ ਬਾਜ਼ ਦੇ ਦਰਸ਼ਨ ਕੀਤੇ । ਸ੍ਰੀ ਅਖੰਡਪਾਠ ਰਖੇ ਜਾਣ ਲਈ ਅਰਦਾਸੇ ਤੋਂ ਉਪਰੰਤ ਬਾਜ਼ ਨੇ ਪ੍ਰਾਣ ਤਿਆਗ ਦਿਤੇ । ਅਖੰਡਪਾਠ ਦੇ ਭੋਗ ਤੋਂ ਉਪਰੰਤ ਸ੍ਰੀ ਗੋਇੰਦਵਾਲ ਸਾਹਿਬ ਲਾਗੇ ਬਿਆਸਾ ਵਿਖੇ ਬਾਜ਼ ਨੂੰ ਜਲ-ਪ੍ਰਵਾਹ ਕੀਤਾ ਜਾਵੇਗਾ ।——ਟਾਂਡਾ ਉੜਮੁੜ, ਬੀਤੇ ਦਿਨ ਦਸ ਕਿਲੋਮੀਟਰ ਦੂਰ ਸਲੇਮਪੁਰ ਵਿਖੇ ਇਕ ਬਾਜ਼ ਨੇ ਦਰਸ਼ਨ ਦਿਤੇ ਤੇ ਪ੍ਰਾਣ ਤਿਆਗ ਦਿਤੇ । ਸੰਗਤਾ ਨੇ ਸ਼ਬਦ ਕੀਰਤਨ ਕਰਦਿਆਂ ਬਾਜ਼ ਦਾ ਬਬਾਣ ਤਿਆਰ ਕੀਤਾ ਅਤੇ ਚੰਦਨ ਦੀ ਲਕੜੀ ਤੇ ਘਿਓ ਪਾ ਕੇ ਸਸਕਾਰ ਕੀਤਾ, ਅਤੇ ਉਸ ਨਮਿਤ ਸ੍ਰੀ ਅਖੰਡਪਾਠ ਅਰੰਭ ਕਰ ਦਿਤਾ ।——ਮੋਗਾ, ੧੬ ਅਗਸਤ, ਚੌਕ ਸ਼ੇਖਾਂ, ਗੁਰਦੁਆਰਾ ਜੌਹਰ ਸਾਹਿਬ ਵਿਖੇ ਅਜ ਸਵੇਰੇ ਤੜਕੇ ਨਿਸ਼ਾਨ ਸਾਹਿਬ ਤੇ ਆ ਬੈਠਾ । ਸਾਢੇ ਚਾਰ ਵਜੇ ਗ੍ਰੰਥੀ ਦੇ ਦਰਵਾਜ਼ਾ ਖੋਲ੍ਹਣ ਤੇ ਪਾਲਕੀ ਸਾਹਿਬ ਲਾਗੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫ਼ੋਟੋ ਤੇ ਆ ਕੇ ਬੈਠ ਗਿਆ । ਹਜ਼ਾਰਾਂ ਸੰਗਤਾਂ ਦਰਸ਼ਨਾਂ ਨੂੰ ਪੁਜ ਰਹੀਆਂ ਹਨ ।——ਮੋਗਾ ਤੋਂ ੧੫ ਕਿਲੋਮੀਟਰ ਦੂਰ ਪਿੰਡ ਧਰਮਕੋਟ ਵਿਚ ਵੀ ਪਿਛਲੇ ਤਿੰਨ ਦਿਨ ਤੋਂ ਬਾਜ਼ ਦੇ ਦਰਸ਼ਨ ਹੋ ਰਹੇ ਹਨ ।——ਬਾਬਾ ਬਕਾਲਾ, ੧੭ ਅਗਸਤ, ਅਠ ਕਿਲੋਮੀਟਰ ਦੂਰ ਪਿੰਡ ਬੁਤਾਲਾ ਗੁਰਦੁਆਰਾ ਛੇਵੀਂ ਪਾਤਸ਼ਾਹੀ ਵਿਖੇ ਬਾਜ਼ ਆਇਆ । ਸੰਗਤਾਂ ਨੇ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨੇੜੇ ਬਿਠਾ ਦਿਤਾ । ਲਾਊਡ ਸਪੀਕਰ ਤੇ ਖ਼ਬਰ ਮਿਲਦੇ ਸਾਰ ਹਜ਼ਾਰਾਂ ਸੰਗਤਾਂ ਦਰਸ਼ਨ ਨੂੰ ਪੁਜਣੀਆਂ ਸ਼ੁਰੂ ਹੋ ਗਈਆਂ । ਕੀਰਤਨ ਅਤੇ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾ ਰਹੇ ਹਨ ।——ਬੱਸੀ ਪਠਾਣਾਂ——ਚੰਡੀਗੜ੍ਹ, ਕਪੂਰਥਲਾ, ਜਲੰਧਰ, ਅੰਮ੍ਰਿਤਸਰ, ਤੇ ਪਟਿਆਲਾ ਵਰਗੇ ਵਡੇ ਵਡੇ ਸ਼ਹਿਰਾਂ ਤੋਂ ਬਾਅਦ ਗੁ: ਸ੍ਰੀ ਗੁਰੂ ਸਿੰਘ ਸਭਾ ਬੱਸੀ ਪਠਾਣਾਂ ਦੇ ਨਿਸ਼ਾਨ ਸਾਹਿਬ ਤੇ ਕਲ੍ਹ ਸ਼ਾਮ ਦੇ ਛੇ ਵਜੇ ਆ ਕੇ ਬੈਠ ਗਿਆ ਤੇ ਅਜ ਸਵੇਰੇ ਵੀ ਬਾਜ਼ ਨਿਸ਼ਾਨ ਸਾਹਿਬ ਤੇ ਬੈਠਾ ਹਜ਼ਾਰਾਂ ਸੰਗਤਾਂ ਨੂੰ ਦਰਸ਼ਨ ਦੇ ਰਿਹਾ ਹੈ ।——ਬੁਢਲਾਡਾ, ੧੮ ਅਗਸਤ, ਪਿਛਲੇ ਦਿਨ ਪਿੰਡ ਦਰਿਆਪੁਰ ਵਿਚ ਬਾਜ਼ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠ ਗਿਆ ਤੇ ਇਲਾਕੇ ਦੀਆਂ ਹਜ਼ਾਰਾਂ ਸੰਗਤਾਂ ਨੇ ਦਰਸ਼ਨ ਕੀਤੇ। ਤੀਜੇ ਦਿਨ ਇਹ ਬਾਜ਼ ਪ੍ਰਾਣ ਤਿਆਗ ਗਿਆ ਅਤੇ ਸੰਗਤਾਂ ਨੇ ਇਸ ਦਾ ਸੰਸਕਾਰ ਕੀਤਾ ।——ਕਪੂਰਥਲਾ,ਸੁਲਤਾਨਪੁਰ ਲਾਗੇ ਪਿੰਡ ਬੂਲਪੁਰ ਗੁਰਦੁਆਰਾ ਬਾਬਾ ਵੀਰਸਿੰਘ ਵਿਖੇ ਹਜ਼ਾਰਾਂ ਸੰਗਤਾਂ ਬਾਜ਼ ਦੇ ਦਰਸ਼ਨ ਨੂੰ ਪੁਜ ਰਹੀਆਂ ਹਨ ।——ਜਲੰਧਰ, ੧੯ ਅਗਸਤ, ਸਤ ਕਿਲੋਮੀਟਰ ਤੇ ਜੰਡੂ ਸਿੰਘਾ ਪਿੰਡ ਵਿਚ ਆਇਆ ਹੈ, ਹਜ਼ਾਰਾਂ ਸੰਗਤਾਂ ਦਰਸ਼ਨਾਂ ਨੂੰ ਜਾ ਰਹੀਆਂ ਹਨ ।——ਤਲਵੰਡੀ ਭਾਈ, ੨੦ ਅਗਸਤ, ਅਠ ਕਿਲੋ-ਮੀਟਰ ਤੇ ਪਿੰਡ ਸੁਲਤਾਨੀ ਵਿਖੇ ਸ: ਹਰਭਜਨ ਸਿੰਘ ਦੇ ਘਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫ਼ੋਟੋ ਤੇ ਇਕ ਖ਼ੂਬਸੂਰਤ ਬਾਜ਼ ਆ ਬੈਠਾ । ਇਥੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਬਾਜ਼ ਨੂੰ ਲੈ ਗਏ ਜਿਥੇ ਇਲਾਕੇ ਦੀਆਂ ਹਜ਼ਾਰਾਂ ਸੰਗਤਾਂ ਨੂੰ ਦਰਸ਼ਨ ਦੇ ਰਿਹਾ ਹੈ ।——ਫਿਲੌਰ, ੨੧ ਅਗਸਤ, ਦਸ ਕਿਲੋ ਮੀਟਰ ਦੂਰ ਪਿੰਡ ਲਸਾੜਾ ਗੁਰਦੁਆਰਾ ਸਾਹਿਬ ਵਿਖੇ ੧੫ ਤੇ ੧੬ ਅਗਸਤ ਨੂੰ ਬਾਜ਼ ਨੇ ਦਰਸ਼ਨ ਦਿਤੇ, ਸ੍ਰੀ ਅਖੰਡਪਾਠ ਹੋਏ ਅਤੇ ਭਾਰੀ ਗਿਣਤੀ ਵਿਚ ਸੰਗਤਾਂ ਨੇ ਦਰਸ਼ਨ ਕੀਤੇ ।——ਮਲੋਟ, ੨੨ ਅਗਸਤ, ਦਸ ਕਿਲੋਮੀਟਰ ਦੂਰ ਪਿੰਡ ਜੋਧਪੁਰ ਵਿਖੇ ਇਕ ਬਾਜ਼ ਨੇ ਦਰਸ਼ਨ ਦਿਤੇ ।——ਬਠਿੰਡਾ, ਮਹਲਾ ਅਜੀਤ ਸਿੰਘ ਰੋਡ ਦੇ ਗੁਰਦੁਆਰਾ ਸਾਹਿਬ ਵਿਖੇ ੧੩ ਅਗਸਤ ਨੂੰ ਦਰਸ਼ਨ ਦਿਤੇ । ਇਤਲਾਹ ਦੇਣ ਤੇ ਦੂਰ ਦੂਰ ਤੋਂ ਸੰਗਤਾਂ ਦਰਸ਼ਨਾਂ ਨੂੰ ਆ ਰਹੀਆਂ ਹਨ ।——ਸਮਾਣਾ, ਅਠ ਕਿਲੋਮੀਟਰ ਦੂਰ ਪਿੰਡ ਮਬੀਕਲਾਂ ਵਿਖੇ ਹਜ਼ਾਰਾਂ ਸੰਗਤਾਂ ਨੇ ਬਾਜ਼ ਦੇ ਦਰਸ਼ਨ ਕੀਤੇ ।——ਫ਼ੀਰੋਜ਼ਪੁਰ, ੨੩ ਅਗਸਤ, ਅਠ ਕਿਲੋਮੀਟਰ ਦੂਰ ਪਿੰਡ ਝੋਕ ਹਰੀਹਰ ਦੇ ਗੁਰਦੁਆਰੇ ਵਿਚ ਅਚਾਨਕ ਬਾਜ਼ ਆਇਆ, ਜਿਸ ਨੂੰ ਵੇਖਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਆ ਰਹੇ ਹਨ । ਕੁਝ ਲੋਕਾਂ ਨੇ ਚੂਰੀ ਪਾਈ ਤਾਂ ਬਾਜ਼ ਨੇ ਨਹੀਂ ਪਰਵਾਨ ਕੀਤੀ, ਪਰ ਜਦ ਗ੍ਰੰਥੀ ਨੇ ਅਰਦਾਸ ਕਰ ਕੇ ਚੂਰੀ ਪਾਈ ਤਾਂ ਬਾਜ਼ ਨੇ ਖਾ ਲਈ ।——ਖੰਨਾ ਦੇ ਲਾਗਲੇ ਪਿੰਡਾਂ ਵਿਚ ਜਿਸ ਬਾਜ਼ ਦੇ ਦਰਸ਼ਨ ਹੋ ਰਹੇ ਹਨ ਉਹ ਜਦ ਪਿੰਡ ਲਲੇੜੀ ਤੋਂ ਪਿੰਡ ਅਕੇਲਾ ਪੁਜਾ ਤਾਂ ਉਥੇ ਉਹ ਚਲ ਵਸਿਆ । ਉਸ ਨਮਿਤ ਸ੍ਰੀ ਅਖੰਡਪਾਠ ਦਾ ਭੋਗ ਪਾਇਆ ਗਿਆ ।——ਅੰਮ੍ਰਿਤਸਰ, ੨੪ ਅਗਸਤ, ਪਿੰਡ



www.AKJ.Org

ਚੇਗਾਵਾਂ ਸਾਧਪੁਰ ਗੁਰਦੁਆਰਾ ਪਤੀ ਲਹਿੰਦੀ ਵਿਖੇ ਇਕ ਬਾਜ਼ ਕਈ ਦਿਨਾਂ ਤੋਂ ਆਇਆ ਹੋਇਆ ਹੈ। ਹਜ਼ਾਰ ਸੰਗਤਾਂ ਰੋਜ਼ਾਨਾ ਦਰਸ਼ਨ ਕਰ ਰਹੀਆਂ ਹਨ।--ਅੰਮ੍ਰਿਤਸਰ ਦੇ ਪਿੰਡ ਮੈਣੀਆਂ ਬ੍ਰਾਹਮਣਾਂ ਵਿਖੇ ਇਕ ਬਾਜ਼ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੇ ਨੇੜੇ ਚੌਕੀ ਤੇ ਬੈਠਾ ਸਿਖ ਸੰਗਤਾਂ ਨੂੰ ਕਈ ਦਿਨਾਂ ਤੋਂ ਦਰਸ਼ਨ ਦੇ ਰਿਹਾ ਹੈ। ਲਾਗੇ ਬਾਣੀ ਦਾ ਪਾਠ ਹੋ ਰਿਹਾ ਹੈ।---ਬੁਢਲਾਡਾ, ਕਸਬਾ ਭੀਖੀ ਤੋਂ ਤਿੰਨ ਕਿਲੋਮੀਟਰ ਪਿੰਡ ਧਲੇਵਾਂ ਗੁਰਦੁਆਰਾ ਸਾਹਿਬ ਵਿਖੇ ਬਾਜ਼ ਦੇ ਦਰਸ਼ਨਾਂ ਲਈ ਲਾਗਲੇ ਪਿੰਡਾਂ ਦੇ ਲੋਗ ਭਾਰੀ ਮਾਤਰਾ ਵਿਚ ਪੁਜ ਰਹੇ ਹਨ।---ਫਗਵਾੜਾ, ਬਜ਼ਾਰ ਬਾਂਸਾਂ ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿਖੇ ਅਨੋਖਾ ਬਾਜ਼ ਆਇਆ, ਜਿਸ ਦੇ ਦਰਸ਼ਨ ਲਈ ਭਾਰੀ ਗਿਣਤੀ ਵਿਚ ਸੰਗਤਾਂ ਪੁਜ ਰਹੀਆਂ ਹਨ।--ਮੁਕਤਸਰ, ੨੬ ਅਗਸਤ, ਸਬ ਤਹਿਸੀਲ ਅਬੋਹਰ ਦੇ ਪਿੰਡ ਰਾਮਪੁਰ ਵਿਖੇ ਵੀ ੧੭ ਅਗਸਤ ਨੂੰ ਇਕ ਬਾਜ਼ ਆਇਆ ਤੇ ਗੁਰਦੁਆਰੇ ਦੇ ਨਿਸ਼ਾਨ ਸਾਹਿਬ ਤੇ ਬੈਠ ਗਿਆ। ਲੋਕਾਂ ਨੇ ਚਾਰਪਈ ਤੇ ਚੱਦਰ ਵਿਛਾ ਦਿਤੀ ਤਾਂ ਬਾਜ਼ ਉਥੇ ਆ ਕੇ ਬੈਠ ਗਿਆ। ਗੁਰਦੁਆਰੇ ਵਿਖੇ ੪੨ ਘੰਟੇ ਬੈਠੇ ਰਹਿਣ ਉਪਰੰਤ ਬਾਜ਼ ਨੇ ਉਥੇ ਹੀ ਪ੍ਰਾਣ ਤਿਆਗ ਦਿਤੇ। ਇਲਾਕੇ ਦੀਆਂ ਸੰਗਤਾਂ ਨੇ ਭਾਰੀ ਗਿਣਤੀ ਵਿਚ ਇਕੱਠੇ ਹੋ ਕੇ ਉਸ ਦਾ ਸਸਕਾਰ ਕੀਤਾ।--ਜਲੰਧਰ, ੨੮ ਅਗਸਤ, ਗੋਬਿੰਦ ਨਗਰ ਦੇ ਗੁਰਦੁਆਰੇ ਵਿਖੇ ਬਾਜ਼ ਆਉਣ ਨਾਲ, ਉਸ ਦੇ ਦਰਸ਼ਨਾਂ ਲਈ ਹਜ਼ਾਰਾਂ ਸੰਗਤਾਂ ਦਾ ਤਾਂਤਾ ਲਗਾ ਹੋਇਆ ਹੈ। ਫਿਲੌਰ, ਦਸ ਪੰਦਰਾਂ ਦਿਨ ਪਹਿਲਾਂ ਇੰਡੀਅਨ ਐਕਸਪ੍ਰੈਸ ਨੇ ਖਬਰ ਦਿਤੀ ਸੀ ਕਿ ਫਿਲੌਰ ਦੇ ਗੁਰਦੁਆਰਾ ਰਣਜੀਤ ਗੜ੍ਹ ਦੇ ਨਿਸ਼ਾਨ ਸਾਹਿਬ ਉਪਰ ਇਕ ਅਲੌਕਿਕ ਬਾਜ਼ ਆ ਕੇ ਬੈਠਿਆ ਅਤੇ ਫਿਰ ਉਹ ਗ੍ਰੰਥੀ ਸਿੰਘ ਦੇ ਹੱਥ ਉਪਰ ਆ ਗਿਆ ਜਿਥੇ ਬੈਠ ਕੇ ਉਸਨੇ ਪ੍ਰਾਣ ਤਿਆਗ ਦਿਤੇ। ਇਲਾਕੇ ਦੀਆਂ ਦਸ ਹਜ਼ਾਰ ਸਿਖ ਸੰਗਤਾਂ ਨੇ ਪੁਜ ਕੇ ਗੁਰਦੁਆਰੇ ਸਾਹਿਬ ਦੇ ਅਹਾਤੇ ਵਿਚ ਹੀ ਚੰਦਨ ਦੀ ਚਿਖਾ ਬਣਾ ਕੇ ਉਸ ਦਾ ਸਸਕਾਰ ਕੀਤਾ ਅਤੇ ਉਸ ਨਮਿਤ ਸ੍ਰੀ ਅਖੰਡਪਾਠ ਰਖਿਆ ਗਿਆ।

---

## ਇਲਾਕਾ ਬੰਗਾ ਦੇ ਭਾਈ ਗੁਰਦਿਆਲ ਸਿੰਘ ਜੀ ਵਿਛੋੜਾ ਦੇ ਗਏ

ਭਾਈ ਸਾਹਿਬ ਗੁਰਦਿਆਲ ਸਿੰਘ ਜੀ ਭਾਵੇਂ ਪੁਲਿਸ ਦੇ ਮਹਿਕਮੇ ਵਿਚ ਗੜ੍ਹ ਸ਼ੰਕਰ (ਹੁਸ਼ਿਆਰਪੁਰ) ਵਿਖੇ ਸੇਵਾ ਕਰਦੇ ਸਨ, ਪਰ ਆਪ ਜੀ ਗੁਰੂ ਕੇ ਲੰਗਰਾਂ ਵਿਚ (ਸ੍ਰੀ ਅਨੰਦਪੁਰ ਸਾਹਿਬ, ਹੁਸ਼ਿਆਰਪੁਰ ਤੇ ਬੰਗਾ ਆਦਿ ਵਿਖੇ) ਦਿਨ ਰਾਤ ਅਣਥਕ ਸੇਵਾ ਕਰਨ ਕਰਕੇ ਬੜੇ ਪਿਆਰ ਸਤਿਕਾਰੇ ਜਾਂਦੇ ਸਨ। ਆਪ ਜੀ ਬੜੇ ਮਿਠ-ਬੋਲੇ, ਮਿਲਣਸਾਰ ਤੇ ਨਾਮ ਬਾਣੀ ਦੇ ਪਿਆਰੇ ਅਤੇ ਗੁਰਸਿਖਾਂ ਦੇ ਚਰਨ-ਸੇਵਕ ਸਨ। ਸਕੂਟਰ ਤੇ ਜਾਂਦਿਆਂ ਟਰੱਕ ਨਾਲ ਟਕਰਾ ਕੇ ਆਪ ਜੀ ਅਕਾਲ ਚਲਾਣਾ ਕਰ ਗਏ ਹਨ। ਸੰਗਤਾਂ ਨੇ ਆਪ ਜੀ ਨਮਿਤ ੧੯ ਅਗਸਤ ਨੂੰ ਸ੍ਰੀ ਅਖੰਡਪਾਠ ਦੇ ਭੋਗ ਪਾਏ ਅਤੇ ਦੁਪਹਿਰ ਤਕ ਕੀਰਤਨ ਤੋਂ ਉਪਰੰਤ ਭਾਈ ਸਾਹਿਬ ਦੀ ਆਤਮਕ ਸ਼ਾਂਤੀ ਲਈ ਅਰਦਾਸ ਵਿਚ ਭਾਰੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਦਾਸਰਾ ਹਰਮਹਿੰਦਰ ਸਿੰਘ ਗੋਬਿੰਦਪੁਰੀ, ਬੰਗਾ

---

## ਪੁਸਤਕ "ਗੁਰਮਤਿ ਬਿਬੇਕ" ਛਪ ਗਈ

ਭਾਈ ਸਾਹਿਬ ਜੀ ਲਿਖਤ ਪੁਸਤਕ 'ਗੁਰਮਤਿ ਬਿਬੇਕ' ਨਵੀਂ ਐਡੀਸ਼ਨ ਛਪ ਗਈ ਹੈ। ਭੇਟਾ ਸਾਢੇ ਸਤ ਰੁਪਏ ਹੀ ਰਖੀ ਗਈ ਹੈ।

**ਖਾਸ ਸੂਚਨਾ**—ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸਪੁਤਰ ਭਾਈ ਬਲਬੀਰ ਸਿੰਘ ਜੀ ਪਹਿਲੀ ਕੋਠੀ ਮਾਡਲ ਟਾਊਨ ਵਾਲੀ ਛਡ ਕੇ ਆਪਣੀ ਨਵੀਂ ਰਿਹਾਇਸ਼ ੨੩—ਜੀ, ਸ਼ਹੀਦ ਕਰਤਾਰ ਸਿੰਘ ਸਰਾਭਾ ਨਗਰ, ਲੁਧਿਆਣਾ ਵਿਖੇ ਰਿਹਾਇਸ਼ ਲੈ ਗਏ ਹਨ। ਅਗੇ ਤੋਂ ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ ਦਾ ਐਡਰੈਸ ਵੀ ੨੩—ਜੀ, ਸਰਾਭਾ ਨਗਰ, ਲੁਧਿਆਣਾ ਹੀ ਹੈ।



www.AKJ.Org

# ਸ਼ਹੀਦ ਭਾਈ ਤਾਰਾ ਸਿੰਘ ਜੀ "ਵਾਂ" (੧)

[ਕੈਪਟਨ ਸਵਰਨ ਸਿੰਘ ਜੀ]

**ਮੁਢਲੇ ਹਾਲਾਤ–**

ਬੰਦਾ ਸਿੰਘ ਬਹਾਦਰ ਦੀ ਮੁਗਲ ਸਾਮਰਾਜ ਨਾਲ ਆਖਰੀ ਟੱਕਰ ਸ਼ਾਲਾਮਾਰ ਬਾਗ (ਲਾਹੌਰ) ਲਾਗੋਂ ਆਰੰਭ ਹੋ ਕੇ ਗੁਰਦਾਸ ਨੰਗਲ (ਜ਼ਿਲਾ ਗੁਰਦਾਸਪੁਰ) ਜਾ ਅੰਤ ਹੋਈ। ਗੁਰਦਾਸ ਨੰਗਲ ਵਿਚ ਬੰਦਾ ਸਿੰਘ ਘਿਰ ਗਿਆ। ਇਹ ਘੇਰਾ ਲਗ ਪਗ ੮ ਮਹੀਨੇ ੧੧ ਦਿਨ ਤੱਕ ਰਿਹਾ। ਰਸਦ ਪਾਣੀ ਤੇ ਘਾਹ ਪੱਠੇ ਦੀ ਥੁੜ ਨੇ ਬੰਦਾ ਸਿੰਘ ਨੂੰ ਅਬਦੁਲਸਮੱਦ ਖਾਨ ਦਲੇਰ-ਇ-ਜੰਗ ਦੀਆਂ ਝੂਠੀਆਂ ਕਸਮਾਂ ਤੇ ਆਧਾਰਤ ਸੁਲਹ ਲਈ ਮਜਬੂਰ ਕਰ ਦਿਤਾ। ਗੜ੍ਹੀ ਦਾ ਬੂਹਾ ਖੁਲ੍ਹਦਿਆਂ ਹੀ ਦੁਸ਼ਮਣ ਧਾ ਕੇ ਅੰਦਰ ਵੜ ਗਿਆ ਤੇ ਘਿਰਿਆਂ ਨੂੰ ਇਕ ਵਢੋਂ ਬੰਦੀ ਬਣਾ ਲਿਆ। ਜ਼ਖਮੀ ਤੇ ਬੀਮਾਰ ਸਿਖ ਗੜ੍ਹੀਓਂ ਬਾਹਰ ਲਿਆ ਕੇ ਬੜੀ ਬੇਕਿਰਕੀ ਨਾਲ ਕਤਲਾ ਦਿਤੇ। ਏਥੋਂ ਤਕ ਕਿ ਸੋਨੇ ਦੀਆਂ ਮੁਹਰਾਂ ਲਭਣ ਲਈ ਕਿ ਇਨ੍ਹਾਂ ਨਿਗਲ ਨਾ ਲਈਆਂ ਹੋਣ, ਇਨ੍ਹਾਂ ਦੇ ਪੇਟ ਵੀ ਚਾਕ ਕਰ ਸੁਟੇ।

ਘਿਰ ਕੇ ਜਾਂ ਲੜ ਕੇ ਸਿੰਘ ਏਨੇ ਸ਼ਹੀਦ ਨਹੀਂ ਸਨ ਹੋਏ ਜਿੰਨੇ ਘੇਰੇ ਦੇ ਅਰੰਭ ਵਿਚ। ਬੰਦਾ ਸਿੰਘ ਨੂੰ ਪਤਾ ਸੀ ਕਿ ਘੇਰਾ ਲੰਮਾ ਹੋਵੇਗਾ, ਕਿਉਂਕਿ ਦਿੱਲੀ ਦਾ ਤਖ਼ਤ ਉਸ ਨਾਲ ਇਹ ਫੈਸਲਾ-ਕੁਨ ਲੜਾਈ ਦੀ ਤਿਆਰੀ ਕਰ ਕੇ ਆਇਆ ਹੈ। ਇਸ ਨੂੰ ਨਜ਼ਰ ਵਿਚ ਰਖਦਿਆਂ ਹੋਇਆਂ ਉਸ ਨੇ ਕਾਫੀ ਗਿਣਤੀ ਵਿਚ ਆਪਣੇ ਸਾਥੀ ਸਿੰਘ ਰਸਦ ਪਾਣੀ ਤੇ ਘਾਹ ਪੱਠਾ ਇਕੱਠਾ ਕਰਨ ਲਈ ਗੁਰਦਾਸ ਨੰਗਲੋਂ ਬਾਹਰ ਭੇਜ ਦਿਤੇ ਸਨ। ਦੁਸ਼ਮਣ ਬੜੀ ਤੇਜ਼ੀ ਨਾਲ ਮੋਢੀਂ ਚੜ੍ਹਿਆ ਆ ਰਿਹਾ ਸੀ। ਸਿੰਘਾਂ ਦੇ ਖਿਲਰ ਕੇ ਗਏ ਪਿੰਡਾਂ ਵਿਚ ਜਥੇ ਵਿਰਲੇ ਟਾਵੇਂ ਹੀ ਵਾਪਸ ਆਏ ਸਨ, ਕਿਉਂਕਿ ਉਨ੍ਹਾਂ ਦੀ ਬਹੁ-ਗਿਣਤੀ ਵਿਸਰ-ਭੋਲੇ ਬਾਹਰ ਹੀ ਕਾਬੂ ਆ ਗਈ ਸੀ। ਹਜ਼ਾਰਾਂ ਸਿੰਘ ਬਾਹਰ ਹੀ ਮਾਰ ਦਿਤੇ ਗਏ। ਨਾ ਸਿੰਘ ਮੁੜੇ ਤੇ ਨਾ ਰਸਦ ਆਈ ਅਤੇ ਇਸ ਦੇ ਪਿਛੋਂ ਭਿਆਨਕ ਸਿੱਟੇ ਨਿਕਲੇ।

ਬੰਦਾ ਸਿੰਘ, ਉਸਦੇ ਫੜੇ ਗਏ ਚੋਣਵੇਂ ਜਰਨੈਲ (ਛੁਟ ਬਾਬਾ ਬਿਨੋਦ ਸਿੰਘ ਤੇ ਕਾਹਨ ਸਿੰਘ), ਸਮੇਤ ਸਿੰਘਾਂ ਦੇ ਦਿਲੀ ਲਿਜਾ ਕੇ ਬੜੀ ਬੇਰਹਿਮੀ ਨਾਲ ਕਤਲ ਕਰ ਦਿਤੇ ਗਏ। ਇਸ ਘਟਨਾ ਨਾਲ ਸਿਖਾਂ ਦੀ ਜਥੇ-ਬੰਦਕ ਸ਼ਕਤੀ, ਜਿਸ ਨੇ ਪੰਜਾਬ* ਤੇ ਗੰਗ ਦੁਆਬ ਵਿਚ ਮੁਗਲ ਰਾਜ ਦੇ ਵਕਾਰ ਨੂੰ ਮਿੱਟੀ ਵਿਚ ਮਿਲਾ ਕੇ ਰਖ

---

* ਹਿੰਦੁਸਤਾਨ ਤੇ ਪੰਜਾਬ ਦਾ ਵਰਨਣ ਕਰਦਿਆਂ ਮੇਰੇ ਸਾਮ੍ਹਣੇ ੧੯੪੭ ਈ: ਦੀ ਮੰਦਭਾਗੀ ਤੇ ਗੈਰ-ਕੁਦਰਤੀ ਵੰਡ ਤੋਂ ਪਹਿਲਾਂ ਦਾ ਹਿੰਦੁਸਤਾਨ ਤੇ ਪੰਜਾਬ ਹੈ। ਮੇਰੇ ਸਾਮ੍ਹਣੇ ਹਿੰਦੁਸਤਾਨ ਦੀ ਹੱਦ ਬੰਗਾਲ ਦੀ ਖਾੜੀ ਦੇ ਤਟ ਦਾ ਉਹ ਹਿੱਸਾ, ਜਿਸ ਨਾਲ ਅਰਾਕਾਨ ਦੇ ਪਹਾੜਾਂ ਦੀ ਦਖਣੀ ਨੋਕ ਆਣ ਲਗਦੀ ਹੈ, ਤੋਂ ਸ਼ੁਰੂ ਹੋ ਕੇ ਏਸੇ ਪਹਾੜ ਤੇ ਚਿੰਨਵਿਨ ਦਰਿਆ ਦੇ ਪੱਛਮ ਵਲ ਦੀ ਉੱਤਰ ਨੂੰ ਉਠ ਕੇ ਲਹਿਤ ਚੰਗੋਲੇ ਦੇ ਉੱਤਰ ਵਲ ਦੀ ਲੰਘਦੀ, ਭੂਟਾਨ ਸਿੱਕਮ ਨੂੰ ਵਲ ਕੇ, ਨੇਪਾਲ ਦੇ ਦੱਖਣ ਨਾਲ ਲਗ ਕੇ ਦਮ ਚੌਕ—ਤੇ ਹਾਜੀ ਲੰਗਰ ਨੂੰ ਅੰਦਰ ਲੈ ਕੇ, ਚੀਨ ਦੇ ਨਾਲ ਹੁੰਦੀ, ਧੁਰ ਉੱਤਰ ਤੋਂ ਪਛਮ ਵਲ ਢਲ ਕੇ ਚਿਤ੍ਰਾਲ ਦੇ ਪਛਮ ਥਾਣੀਂ ਹੁੰਦੀ ਹੋਈ, ਸਰਹਦੀ ਸੂਬੇ ਤੇ ਬਿਲੋਚਿਸਤਾਨ ਦੀ ਪਛਮੀ ਹੱਦ ਉਲੀਕਦੀ ਹੋਈ ਈਰਾਨ ਦੇ ਗਵਾਤਾਰ ਤੋਂ ੨੦ ਕਿ: ਮੀ: ਪੂਰਬ ਵਲ ਦੀ ਅਰਬ ਸਾਗਰ ਨਾਲ ਨਾਲ ਆ ਮਿਲਣ ਵਾਲੀ ਹੱਦ ਹੈ। ਫਿਰ ਏਥੋਂ ਸਮੁੰਦਰ ਨਾਲ ਨਾਲ ਹੋ ਕੇ ਜਿਥੋਂ ਤੁਰੇ ਸਾਂ, ਉਥੇ ਆ ਪੁਜਦੇ ਹਾਂ।

ਪੰਜਾਬ ਵੀ ਉਹ ਪੰਜਾਬ ਨਹੀਂ ਜੋ ਢਾਈ ਢਾਈ ਦਰਿਆਵਾਂ ਵਾਲਾ ਪੰਜਾਬ ਹੈ, ਪੂਰਾ ਪੰਜਾਂ ਦਰਿਆਵਾਂ ਵਾਲਾ। ਅਣ-ਵੰਡਿਆ ਹੋਇਆ ਮਾਝਾ ਜਿਸ ਵਿਚ ਗੁਰਦਾਸਪੁਰ ਅੰਮ੍ਰਿਤਸਰ ਦੇ ਨਾਲ ਸਮੁਚਾ ਲਾਹੌਰ, ਮਿੰਟਗੁਮਰੀ ਜ਼ਿਲੇ (ਸਾਹੀਵਾਲ) ਦੀ ਉੱਤਰੀ ਹੱਦ ਤਕ। ਕਸੂਰ, ਜੋ ਅੱਜ ਪਾਕਿਸਤਾਨ ਦਾ ਜ਼ਿਲਾ ਹੈ, ਵੰਡ ਤੋਂ ਪਹਿਲਾਂ ਇਹ ਲਾਹੌਰ ਦੀ ਇਕ ਤਹਿਸੀਲ ਸੀ। ਇਸ ਲੇਖ ਨਾਲ ਸੰਬੰਧ ਰਖਣ ਵਾਲੇ ਹਿੰਦੁਸਤਾਨ, ਪੰਜਾਬ ਤੇ ਮਾਝੇ ਦੀ ਇਹ ਹਦਬੰਦੀ ਹੈ। ਮੇਰੇ ਸਾਮ੍ਹਣੇ ਇਹੋ ਹੀ ਨਕਸ਼ਾ ਹੈ। —ਸਵਰਨ ਸਿੰਘ



www.AKJ.Org

ਦਿਤਾ ਸੀ, ਖੇਰੂੰ ਖੇਰੂੰ ਹੋ ਗਈ। ਅਬਦੁਲ-ਸਮੱਦ ਖਾਨ ਦਲੇਰਿ-ਜੰਗ ਨੇ ਗੱਲ ਨੂੰ ਏਥੇ ਹੀ ਨਹੀਂ ਰਹਿਣ ਦਿਤਾ। ਉਸਨੇ ਉਹ ਜਤਨ ਅਰੰਭ ਦਿਤੇ ਕਿ ਜਿਸ ਨਾਲ ਮਾਨੋ ਸਿਖ ਨਾਮ ਦੀ ਕੋਈ ਸ਼ੈ ਛੱਡਣੀ ਹੀ ਨਹੀਂ। ਬੰਦਾ ਸਿੰਘ ਦੀ ਜਥੇਦਾਰੀ ਹੇਠ ਅੰਮ੍ਰਿਤ ਛਕਣ ਵਾਲੇ, ਉਹ ਜੋ ਗੁਰਦਾਸ ਨੰਗਲ ਦੇ ਘੇਰੇ ਵੇਲੇ ਕਿਸੇ ਕਾਰਨ ਨਾਲ ਨਾ ਮਿਲ ਸਕੇ, ਮੁਖਬਰਾਂ ਤੇ ਸੂਹਿਆਂ ਦੇ ਜਾਲ ਨੇ ਜਿਨ੍ਹਾਂ ਜਿਨ੍ਹਾਂ ਦੇ ਅਤੇ-ਪਤੇ ਦਸੇ ਇਨ੍ਹਾਂ ਵਿਚੋਂ ਜਿੰਨੇ ਵੀ ਫੜੇ ਜਾ ਸਕੇ, ਲਾਹੌਰ ਲਿਆ ਲਿਆ ਕੇ ਤਸੀਹੇ ਦੇ ਦੇ ਕੇ ਮਾਰ ਮੁਕਾਏ। ਕਿਸੇ ਪਿੰਡ ਜਾਂ ਜੂਹ ਵਿਚ ਸਿੰਘਾਂ ਦੀ ਹਾਜ਼ਰੀ ਦਾ ਸ਼ੱਕ ਪਿਆ ਨਹੀਂ, ਤੇ ਲਾਹੌਰੋਂ ਘੋੜ-ਸੁਆਰਾਂ ਦੇ ਤੁਮਣ ਚੜ੍ਹੇ ਨਹੀਂ। ਅਗਾਊਂ ਵੇਲੇ ਸਿਰ ਖ਼ਬਰ ਮਿਲ ਜਾਣ ਤੇ ਤਾਂ ਭਾਵੇਂ ਕੋਈ ਆਸੇ ਪਾਸੇ ਹੋ ਕੇ ਬਚ ਗਿਆ ਹੋਵੇ, ਨਹੀਂ ਤਾਂ ਪਿੰਡ ਘੇਰ ਲਏ ਜਾਂਦੇ, ਘਰ ਲੁਟੇ ਪੁਟੇ ਤੇ ਸਾੜੇ ਫੂਕੇ ਜਾਂਦੇ, ਕੋਈ ਲੜ ਕੇ ਸ਼ਹੀਦ ਹੋ ਜਾਂਦਾ ਤੇ ਕੋਈ ਮਾਰਦਾ ਕੁਟਦਾ ਨਿਕਲ ਵੀ ਜਾਂਦਾ। ਬਹੁਤੇ ਜ਼ਖਮੀ ਕਰ ਕੇ ਜਾਂ ਘੇਰਾ ਪਾ ਕੇ ਫੜ ਲਏ ਜਾਂਦੇ, ਜੋ ਲਾਹੌਰ ਲਿਆ ਕੇ ਮਾਰ ਮੁਕਾਏ ਜਾਂਦੇ। ਕੋਈ ਦਾਦ ਫਰਿਆਦ ਸੁਣਨ ਵਾਲਾ ਹੀ ਨਹੀਂ ਸੀ। ਛੋਟੇ ਅਫ਼ਸਰ ਤਾਂ ਬਹੁਤੇ ਹੀ ਭੂਤਰ ਗਏ ਸਨ। ਬੇਪਤੀ ਕਰਦੇ, ਤਸੀਹੇ ਦੇਂਦੇ ਤੇ ਇਸ ਤੋਂ ਕਿਤੇ ਵਧ ਟਕੋਰਾਂ ਲਾਉਂਦੇ ਕਿ, "ਆ ਗਿਆ ਸੁਆਦ ਅੰਮ੍ਰਿਤ ਛਕੇ ਦਾ, ਲਭੋ ਖਾਂ ਹੁਣ ਆਪਣੇ ਬੰਦਾ ਸਿੰਘ ਨੂੰ ! ਹੁਣ ਦੀਨ ਕਬੂਲ ਕੇ ਹੀ ਬਚ ਸਕਦੇ ਹੋ। ਕਲਮਾ ਪੜ੍ਹ ਕੇ ਸੁਖ ਭੋਗੋ। ਤੁਹਾਡਿਆਂ ਵੱਡਿਆਂ ਕੀ ਖਟ ਲਿਆ ਸਿਖੀ ਚੋਂ... ..।" ਇਹ ਢਲੇ ਸਿਕੇ ਵਰਗੇ ਬੋਲ ਸਹਾਰਦੇ ਹੋਏ ਸਿਖੀ ਤੋਂ ਜਾਨਾਂ ਵਾਰਦੇ ਗਏ। ਜੋ ਰਾਠ ਸਿੰਘ ਕਾਬੂ ਨਾ ਆਏ, ਜੰਗਲਾਂ ਬੇਲਿਆਂ ਵਿਚ ਲੁਕ ਛੁਪ ਕੇ ਭਲੇ ਸਮੇਂ ਦੀ ਉਡੀਕ ਵਿਚ ਦਿਨ-ਕਟੀ ਕਰਨ ਲਗੇ। ਅਬਦੁਲ ਸਮੱਦ ਖਾਨ ਜਦ ਅੱਡੀ ਚੋਟੀ ਦਾ ਜ਼ੋਰ ਲਾ ਕੇ ਸਿਖਾਂ ਨੂੰ ਮੁਕਾਉਂਦਾ ਮੁਕਾਉਂਦਾ ਹੰਭ ਗਿਆ ਤੇ ਸਿਖ ਫਿਰ ਵੀ ਮੁਕਣ ਚਿ ਨਾ ਆਏ ਤਾਂ ਢਿਲਾ ਪੈ ਗਿਆ। ਢਿਲਾ ਵੀ ਏਨਾ ਪਿਆ ਕਿ ਪੂਰੀ ਤਰ੍ਹਾਂ ਐਸ਼ਪ੍ਰਸਤੀ ਤੇ ਵਿਸ਼ਿਆਂ ਵਿਕਾਰਾਂ ਵਿਚ ਗ੍ਰਸਤ ਹੋ ਗਿਆ। ਉਸਦੀ ਸੂਬੇਦਾਰੀ ਦੇ ਪਿਛਲੇ ਪੰਜ ਛੇ ਸਾਲ ਪ੍ਰਬੰਧ-ਪਖੋਂ ਬੜੇ ਮਾੜੇ ਸਿਧ ਹੋਏ। ਛੋਟੇ ਹਾਕਮ ਤੇ ਆਮਲ ਉਸ ਤੋਂ ਵੀ ਅੱਗੇ ਵਧ ਗਏ। ਇਹ ਸਮਾਂ ਸਿਖਾਂ ਵਾਸਤੇ ਬੜਾ ਢੁਕਵਾਂ ਸਾਬਤ ਹੋਇਆ।

ਬਾਬਾ ਬਿਨੋਦ ਸਿੰਘ, ਜੋ ਗੁਰਦਾਸ ਨੰਗਲੋਂ ਬੰਦਾ ਸਿੰਘ ਨਾਲ ਸੰਮਤੀ-ਭੇਦ ਕਰਕੇ ਬਾਬਾ ਕਾਹਨ ਸਿੰਘ ਦੇ ਫ਼ੈਸਲੇ ਤਹਿਤ ਕਿ "ਹੁਣ ਦੋਹਾਂ ਚੋਂ ਇਕ ਨੂੰ ਗੜ੍ਹੀ ਵਿਚੋਂ ਚਲੇ ਜਾਣਾ ਚਾਹੀਦਾ ਹੈ", ਘੇਰੇ ਚੋਂ ਨਿਕਲ ਆਏ ਸਨ, ਨੇ ਉਪਰਾਲਾ ਸ਼ੁਰੂ ਕੀਤਾ ਕਿ ਖਿੰਡੇ ਪੁੰਡੇ ਸਿਖਾਂ ਨੂੰ ਫਿਰ ਜਥੇਬੰਦ ਕੀਤਾ ਜਾਵੇ। ਇਸ ਵਿਚ ਇਹ ਕਾਫ਼ੀ ਸਫਲ ਵੀ ਹੋਏ, ਪਰ ਪਹਿਲਾਂ ਵਾਲੀ ਗੱਲ ਨਾ ਬਣ ਸਕੀ। ਫਿਰ ਵੀ ਪੰਜਾਂ ਪੰਜਾਂ ਦਸਾਂ ਦਸਾਂ ਜਾਂ ਕਿਤੇ ਥੋੜੇ ਜਿਹੇ ਇਸ ਤੋਂ ਵਧ ਗਿਣਤੀ ਦੇ ਜਥੇ ਪੰਜਾਬ ਦੀ ਧਰਤੀ ਤੇ ਖੁਲ੍ਹੇ ਬੰਦੀਂ ਸਨੱਧ-ਬੱਧ ਹੋ ਕੇ ਵਿਚਰਦੇ ਦਿਖਾਈ ਦੇਣ ਲੱਗੇ। ਕਿਤੇ ਕਿਤੇ ਚੌਧਰੀਆਂ ਤੇ ਆਮਲਾਂ ਨਾਲ ਝੜਪਾਂ ਵੀ ਹੋਣ ਲੱਗ ਪਈਆਂ। ਸ਼ਾਹ-ਰਾਹ ਤੇ ਸਰਕਾਰੀ ਖਜ਼ਾਨੇ ਤੇ ਕਾਫ਼ਲਿਆਂ ਨੂੰ ਹੱਥ ਫਿਰਨ ਲੱਗਾ। ਜਦ ਇਹ ਖ਼ਬਰਾਂ ਦਿਲੀ ਅਪੜੀਆਂ ਤਾਂ ਦਲੇਰਿ ਜੰਗ ਨੂੰ ਲਾਹੌਰ ਦੀ ਸੂਬੇਦਾਰੀ ਤੋਂ ਹਟਾ ਕੇ ਮੁਲਤਾਨ ਭੇਜ ਦਿਤਾ ਗਿਆ ਤੇ ਉਸ ਦੀ ਥਾਂ ਤੇ ਉਸ ਦੇ ਯੋਗ ਪੁੱਤਰ ਜ਼ਕਰੀਆ ਖ਼ਾਨ, ਜਿਸ ਨੂੰ ਇਤਿਹਾਸ ਵਿਚ ਖਾਨ ਬਹਾਦਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਲਾਹੌਰ ਦਾ ਸੂਬੇਦਾਰ ਬਣਾ ਦਿਤਾ ਗਿਆ।

—ਚਲਦਾ

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਸ੍ਰੀ ਅਖੰਡਪਾਠ ਤੇ ਕੀਰਤਨ

ਭਾਈ ਗੁਰਨਾਮ ਸਿੰਘ ਜੀ ਰੈਡਿੰਗ ਤੋਂ ਸੂਚਨਾ ਦੇਂਦੇ ਹਨ ਕਿ ਯੂ. ਕੇ. ਵਿਖੇ ਹੇਠ ਲਿਖੇ ਪ੍ਰੋਗਰਾਮ ਹੋ ਰਹੇ ਹਨ :—

(1) ਸ੍ਰੀ ਅਖੰਡਪਾਠ ਭੋਗ 30-9-84, ਉਪਰੰਤ ਅਖੰਡ ਕੀਰਤਨ, ਭਾਈ ਨਿਰਮਲ ਸਿੰਘ ਜੀ ਦੇ ਗ੍ਰਹਿ ਵਿਖੇ, 28-Ingolds-By Road, Gravesend Kent, U. K , ਫੋਨ 0474--50249.

(2) ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਸਮੁਚੇ ਤੌਰ ਤੇ ਉਚੇਚਾ ਪ੍ਰੋਗਰਾਮ ਭਾਈ ਸੁਖਦੇਵ ਸਿੰਘ ਜੀ ਸ਼ਹੀਦ ਪ੍ਰਥਾਇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ 26 ਤੋਂ 28 ਅਕਤੂਬਰ ਤਕ। ਵਧੇਰੇ ਜਾਣਕਾਰੀ ਲਈ—
ਭਾਈ ਜਰਨੈਲ ਸਿੰਘ ਜੀ ਫ਼ੋਨ 0926-30008 ਅਤੇ ਭਾਈ ਰਘਬੀਰ ਸਿੰਘ ਜੀ ਫ਼ੋਨ 0926-498494

www.AKJ.Org

# ਪੰਥਕ ਸਮਾਚਾਰ

## ਸਰਬ ਸੰਸਾਰ ਸਿਖ ਸੰਮੇਲਨ

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੁਹਰ-ਛਾਪ ਹੇਠ ਪੰਜ ਸਿੰਘ ਸਾਹਿਬਾਨ ਵਲੋਂ "ਸਰਬ ਹਿੰਦ ਸਿਖ ਸੰਮੇਲਨ" ੨ ਸਤਬੰਰ ੧੯੮੪ ਨੂੰ ਕੀਤੇ ਜਾਣ ਲਈ ਸਮੂਹ ਪੰਥ ਨੂੰ ਸੱਦਾ ਦਿਤਾ ਗਿਆ ਹੈ। ਇਹ ਸੰਮੇਲਨ ਗੁ: ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਦੇ ਸਾਹਮਣੇ ਖੁਲ੍ਹੇ ਪੰਡਾਲ ਵਿਚ ਬਾਬਾ ਦੀਪ ਸਿੰਘ ਜੀ ਨਗਰ ਸ੍ਰੀ ਅੰਮ੍ਰਿਤਸਰ ਵਿਚ ਹੋ ਰਿਹਾ ਹੈ। ਇਸ ਸੱਦਾ ਪੱਤਰ ਵਿਚ ਸਿਖਾਂ ਨੂੰ ਪੇਸ਼ ਆਈਆਂ ਤੇ ਆ ਰਹੀਆਂ ਮੁਸ਼ਕਲਾਂ ਦਾ ਜ਼ਿਕਰ ਹੈ ਅਤੇ ਸਮੁਚੇ ਸਿਖ ਸੰਸਾਰ ਨੂੰ ਅਪੀਲ ਹੈ—

"'ਹੋਇ ਇਕਤਰ ਮਿਲਹੁ ਮੇਰੇ ਭਾਈ ॥ ਦੁਬਿਧਾ ਦੂਰਿ ਕਰਹੁ ਲਿਵ ਲਾਈ' ਦੇ ਮਹਾਂਵਾਕ ਅਨੁਸਾਰ ਇਸ ਸੰਕਟ ਦੀ ਘੜੀ ਵਿਚ ਸਿਖ ਪੰਥ ਦੇ ਸਮੂਹ ਅੰਗ ਇਕ-ਮੁੱਠ ਹੋ ਕੇ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਜੁਟ ਜਾਣ। ਆਓ, ਮਿਲ ਕੇ ਪੰਥ ਦੇ ਮਸਲਿਆਂ ਤੇ ਵਿਚਾਰ ਕਰੀਏ ਤੇ ਖਾਲਸਾ ਪੰਥ ਦਾ ਭਵਿਖ ਉਜਲਾ ਕਰਨ ਲਈ ਅਗਲਾ ਪ੍ਰੋਗਰਾਮ ਉਲੀਕਣ ਅਤੇ ਉਸ ਨੂੰ ਨੇਪਰੇ ਚਾੜ੍ਹਨ ਲਈ ਵਿਉਂਤ-ਬੱਧ ਯਤਨ ਕਰਨ ਦਾ ਉਪਰਾਲਾ ਕਰੀਏ।"

ਇਸ ਵੇਲੇ ਮਿਲਟਰੀ ਐਕਸ਼ਨ ਤੋਂ ਬਾਅਦ ਸਿਖ ਕੌਮ ਦੀ ਹੋਈ ਦੁਰਦਸ਼ਾ ਕਾਰਨ ਹਰੇਕ ਸਿਖ-ਹਿਰਦਾ ਤੜਫ ਰਿਹਾ ਹੈ ਅਤੇ ਇਸ ਉਡੀਕ ਵਿਚ ਹੈ ਕਿ ਕਦੋਂ ਪੰਥ ਇਕੱਠਾ ਹੋਵੇ ਤੇ ਇਸ ਵਿਗੜੀ ਨੂੰ ਸਵਾਰਨ ਲਈ ਕੋਈ ਉਪਰਾਲਾ ਕਰੇ। ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਕਾਫ਼ੀ ਜੋਸ਼ ਹੈ ਅਤੇ ਜੇ ਕੋਈ ਰੁਕਾਵਟ ਨਾ ਪਏ ਤਾਂ ਲੱਖਾਂ ਦੀ ਗਿਣਤੀ ਵਿਚ ਸਿੰਘਾਂ ਸਿੰਘਣੀਆਂ ਦੇ ਇਸ ਸੰਮੇਲਨ ਵਿਚ ਇਕੱਠੇ ਹੋ ਜਾਣ ਦੀ ਆਸ ਹੈ। ਗੁਰੂ ਪਾਤਸ਼ਾਹ ਬਖ਼ਸ਼ਸ਼ ਕਰਨ ਤੇ ਆਪ ਹੀ ਪੰਥ ਖਾਲਸੇ ਨੂੰ ਸੋਧ ਦੇ ਕੇ, ਸਹੀ ਰਾਹ ਤੇ ਪਾਉਣ ਅਤੇ ਖਾਲਸੇ ਦੀ ਵਿਗੜੀ ਨੂੰ ਸਵਾਰ ਕੇ ਨਵੇਂ ਸਿਰਿਓਂ ਖਾਲਸੇ ਦੀ ਚੜ੍ਹਦੀ ਕਲਾ ਕਰਨ।

ਲੋੜ ਹੈ ਕਿ ਸਿਖ ਸੰਮੇਲਨ ਦੇ ਪਰਬੰਧਕਾਂ ਨੂੰ ਨਿਰਮਾਣ ਤੇ ਨਿਰ-ਇਛਤ ਹੋ ਕੇ ਇਸ ਸਮੁਚੇ ਪਰਬੰਧ ਨੂੰ ਸੰਜੀਦਗੀ, ਗੰਭੀਰਤਾ, ਸਿਆਣਪ ਅਤੇ ਪੂਰੀ ਚੌਕਸੀ ਨਾਲ ਸੇਵਾਦਾਰ ਹੋ ਕੇ ਨਿਬਾਹੁਣ; ਫਿਰ ਗੁਰੂ ਮਹਾਰਾਜ ਆਪ ਸਹਾਈ ਹੋਣਗੇ।

## ਅੱਜ ਸਿਖ ਦੁਖੀ ਹਨ—ਜਸਟਿਸ ਖੰਨਾ

**ਸਿੱਖ ਖੁਸ਼ ਨਾ ਹੋਏ ਤਾਂ ਦੇਸ਼ ਖੁਸ਼ ਨਹੀਂ ਹੋ ਸਕਦਾ**
**ਸਾਨੂੰ ਉਹਨਾਂ ਦੇ ਜਜ਼ਬਾਤਾਂ ਨੂੰ ਹਮਦਰਦੀ ਨਾਲ ਸਮਝਣਾ ਚਾਹੀਦਾ ਹੈ—**

ਨਵੀਂ ਦਿਲੀ, ੧੬ ਅਗਸਤ—(ਯੂ. ਐਨ. ਆਈ, ਪੀ.ਟੀ.ਆਈ.) ਸੁਪਰੀਮ ਕੋਰਟ ਦੇ ਸਾਬਕ ਜਜ ਸ੍ਰੀ ਐਚ. ਆਰ. ਖੰਨਾ ਨੇ ਇਸ ਗੱਲ ਤੇ ਜ਼ੋਰ ਦਿਤਾ ਹੈ ਕਿ ਪੰਜਾਬ ਦੀਆਂ ਤਾਜ਼ਾ ਘਟਨਾਵਾਂ ਕਾਰਨ ਹਿੰਦੂ-ਸਿਖ ਏਕਤਾ ਨੂੰ ਜਿਹੜਾ ਨੁਕਸਾਨ ਹੋਇਆ ਹੈ ਉਸ ਨੂੰ ਪੂਰਾ ਕਰਨ ਲਈ ਹਰ ਯਤਨ ਕੀਤਾ ਜਾਣਾ ਚਾਹੀਦਾ ਹੈ। ਘਟ ਗਿਣਤੀਆਂ ਦੇ ਅਧਿਕਾਰਾਂ ਸੰਬੰਧੀ ਗਰੁਪ (ਐਮ. ਆਰ. ਜੀ.) ਦੇ ਸਮਾਗਮ 'ਚ ਮੁਖ ਮਹਿਮਾਨ ਦੇ ਤੌਰ ਤੇ ਬੋਲਦਿਆਂ ਉਹਨਾਂ ਨੇ ਕਿਹਾ ਕਿ ਜੇਕਰ ਸਿਖ ਖੁਸ਼ ਨਹੀਂ ਹਨ ਤਾਂ ਕੌਮ ਖੁਸ਼ ਨਹੀਂ ਰਹਿ ਸਕਦੀ। ਹਿੰਦੂਆਂ ਤੇ ਸਿਖਾਂ 'ਚ ਤਣਾਅ ਲੰਮੇ ਸਮੇਂ ਤਕ ਜਾਰੀ ਨਹੀਂ ਰਹਿਣ ਦੇਣਾ ਚਾਹੀਦਾ। ਉਹਨਾਂ ਨੇ ਕਿਹਾ ਕਿ ਸਾਨੂੰ ਸਰੀਰਕ ਤੇ ਮਾਨਸਿਕ ਤੌਰ ਤੇ ਬਹੁਤ ਨੁਕਸਾਨ ਪੁਜ ਚੁਕਾ ਹੈ। ਹੁਣ ਸਮਾਂ ਹੈ ਕਿ ਅਸੀਂ ਇਸ ਨੁਕਸਾਨ ਦੀ ਪੂਰਤੀ ਕਰੀਏ। ਬੀਤੀਆਂ ਦੁਖਦਾਈ ਘਟਨਾਵਾਂ ਦੇ ਮਲ੍ਹਬੇ ਨੂੰ ਹਟਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।......



www.AKJ.Org

ਪੀ. ਟੀ. ਆਈ. ਅਨੁਸ ਰ ਪੰਜਾਬ ਦੀਆਂ ਘਟਨਾਵਾਂ ਬਾਰੇ ਬੋਲਦਿਆਂ ਜਸਟਿਸ ਖੰਨਾ ਨੇ ਕਿਹਾ ਕਿ ਚਾਰ ਸਾਲ ਪਹਿਲਾਂ ਤਕ ਸਿਖ ਦੇਸ਼ ਦੀ ਬਹੁਤ ਹਰਮਨ ਪਿਆਰੀ ਜਾਤੀ ਸਮਝੀ ਜਾਂਦੀ ਸੀ। ਅਜ ਸਿਖ ਪੀੜਤ ਮਹਿਸੂਸ ਕਰ ਰਹੇ ਹਨ। ਉਹ ਦੁਖੀ ਹਨ। ਸਾਨੂੰ ਬੜੀ ਹਮਦਰਦੀ ਤੇ ਸੂਝ ਬੂਝ ਨਾਲ ਸਿਖਾਂ ਦੇ ਜਜ਼ਬਾਤਾਂ ਨੂੰ ਸਮਝਣਾ ਚਾਹੀਦਾ ਹੈ। ਸਿਖ ਸੂਖਮ-ਭਾਵੀ ਅਤੇ ਮਾਣਮਤੇ ਲੋਕ ਹਨ। ਇਸ ਤੋਂ ਬਿਨਾਂ ਸਿਖ ਧਾਰਮਿਕ ਖ਼ਿਆਲਾਂ ਵਾਲੇ ਹਨ। ਜੇਕਰ ਸਿਖ ਖੁਸ਼ ਨਾ ਹੋਏ ਤਾਂ ਦੇਸ਼ ਖੁਸ਼ ਨਹੀਂ ਹੋ ਸਕਦਾ।...... —ਅਜੀਤ, ੧੭-੮-੮੪

# ਅਕਾਲੀ ਵਾਈਟ ਪੇਪਰ ਤਿਆਰ

ਅੰਮ੍ਰਿਤਸਰ, ੨੩ ਅਗਸਤ—(ਯੂ. ਐਨ. ਆਈ.) ਅਕਾਲੀ ਦਲ ਐਡਹਾਕ ਕਮੇਟੀ ਦੇ ਕਨਵੀਨਰ ਸ: ਪ੍ਰਕਾਸ਼ ਸਿੰਘ ਮਜੀਠਾ ਨੇ ਅਜ ਏਥੇ ਦਸਿਆ ਕਿ ਅਕਾਲੀ ਦਲ ਦਾ ਵਾਈਟ ਪੇਪਰ ਤਿਆਰ ਹੈ ਅਤੇ ਇਹ ਛਪਣ ਲਈ ਪ੍ਰੈਸ ਨੂੰ ਭੇਜਣ ਵਾਸਤੇ ਟਾਈਪ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਕਿਸੇ ਵੇਲੇ ਵੀ ਜਾਰੀ ਕੀਤਾ ਜਾ ਸਕਦਾ ਹੈ, ਜਦ ਕਿ ਪਹਿਲਾਂ ਇਸ ਲਈ ੨ ਸਤੰਬਰ ਦੀ ਤਰੀਕ ਦਸੀ ਜਾ ਰਹੀ ਸੀ। ਇਸ ਵਾਈਟ ਪੇਪਰ ਵਿਚ ਆਰਮੀ ਐਕਸ਼ਨ ਦੌਰਾਨ ਮਿਰਤਕਾਂ ਤੇ ਗੁੰਮ ਲੋਕਾਂ ਦੀ ਸੂਚੀ ਵੀ ਦਿਤੀ ਜਾਵੇਗੀ। —ਅਜੀਤ, ੨੪-੮-੮੪

## ਪੰਜਾਬ ਸਕੱਤਰੇਤ 'ਚੋਂ ਸਿੱਖ ਅਫ਼ਸਰਾਂ ਦਾ ਸਫ਼ਾਇਆ, ਸ਼ਰੋਮਣੀ ਕਮੇਟੀ ਵਲੋਂ ਨਿੰਦਾ—

ਅੰਮ੍ਰਿਤਸਰ, ੧੬ ਅਗਸਤ—(ਕਮਲੇਸ਼)-ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਐਕਟਿੰਗ ਪ੍ਰਧਾਨ ਸ: ਰਾਜਿੰਦਰ ਸਿੰਘ ਧਾਲੀਵਾਲ ਨੇ ਇਕ ਬਿਆਨ ਰਾਹੀਂ ਪੰਜਾਬ ਸਕੱਤਰੇਤ ਵਿਚੋਂ ਸਿਖ ਅਫ਼ਸਰਾਂ ਦਾ ਸਫਾਇਆ ਕੀਤੇ ਜਾਣ ਦੀ ਨਿੰਦਾ ਕੀਤੀ ਹੈ ਅਤੇ ਦੋਸ਼ ਲਾਇਆ ਹੈ ਕਿ ਸਰਕਾਰ ਫ਼ਿਰਕੂ ਨਜ਼ਰੀਏ ਨਾਲ ਸਿਖ ਅਫ਼ਸਰਾਂ ਨੂੰ ਨਜ਼ਰ ਅੰਦਾਜ਼ ਕਰ ਰਹੀ ਹੈ ਅਤੇ ਉਹ ਪੰਜਾਬ ਤੋਂ ਬਾਹਰ ਭੇਜੇ ਜਾ ਰਹੇ ਹਨ। ਸ: ਧਾਲੀਵਾਲ ਨੇ ਇਸ ਸੰਬੰਧ ਵਿਚ ਪੰਜਾਬ ਸਰਕਾਰ ਦੇ ਚਾਰ ਸਕੱਤਰਾਂ, ਸ: ਸਵਰਨ ਸਿੰਘ ਬੋਪਾਰਾਏ, ਸ: ਹਰਦਿਆਲ ਸਿੰਘ, ਸ: ਰਾਜਿੰਦਰ ਸਿੰਘ ਅਤੇ ਸ: ਗੁਰਪ੍ਰਤਾਪ ਸਿੰਘ ਸ਼ਾਹੀ ਨੂੰ ਪੰਜਾਬ ਤੋਂ ਬਾਹਰ ਭੇਜੇ ਜਾਣ ਦਾ ਹਵਾਲਾ ਦਿਤਾ। ਸ: ਧਾਲੀਵਾਲ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਇਕ ਸਾਜ਼ਸ਼ ਅਧੀਨ ਹਰ ਖੇਤਰ ਵਿਚ ਸਿਖਾਂ ਨੂੰ ਨਿਰ-ਉਤਸ਼ਾਹਤ ਕਰਨ ਦੇ ਯਤਨ ਕਰ ਰਹੀ ਹੈ। ਉਹਨਾਂ ਕਿਹਾ, ਇਸ ਤਰ੍ਹਾਂ ਲਗਦਾ ਹੈ ਜਿਵੇਂ ਭਾਰਤ ਸਰਕਾਰ ਲਈ ਹਰ ਸਿਖ ਹੀ ਸ਼ੱਕੀ ਹੋ ਗਿਆ ਹੈ ਅਤੇ ਉਹ ਅਮਲੀ ਤੌਰ ਤੇ ਦੂਜੇ ਦਰਜੇ ਦੇ ਸ਼ਹਿਰੀ ਬਣਾ ਦਿੱਤੇ ਗਏ ਹਨ। ਸ: ਰਾਜਿੰਦਰ ਸਿੰਘ ਧਾਲੀਵਾਲ ਨੇ ਕੇਂਦਰੀ ਮੰਤਰੀ ਰਾਓ ਦੇ ਇਸ ਕਥਨ ਨੂੰ ਬਿਲਕੁਲ ਗਲਤ ਗੁੰਮਰਾਹ-ਕੁਨ ਕਰਾਰ ਦਿਤਾ ਹੈ, ਜਿਸ ਵਿਚ ਉਸ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਫ਼ੌਜ ਹਟਾ ਲਏ ਜਾਣ ਦੀ ਗੱਲ ਕਹੀ ਸੀ। ਸ: ਧਾਲੀਵਾਲ ਨੇ ਕਿਹਾ, ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਫ਼ੌਜ ਦਾ ਪੂਰੀ ਤਰ੍ਹਾਂ ਕੰਟਰੋਲ ਹੈ ਤੇ ਸਿਖ ਸੰਗਤਾਂ ਨੂੰ ਆਜ਼ਾਦੀ ਨਾਲ ਦਰਸ਼ਨ ਇਸ਼ਨਾਨ ਕਰਨ ਦੀ ਖੁਲ੍ਹ ਨਹੀਂ। ਸ: ਧਾਲੀਵਾਲ ਨੇ ਕਿਹਾ ਕਿ ਗੁਰਧਾਮਾਂ ਸੰਬੰਧੀ ਜਾਣ ਬੁਝ ਕੇ ਭੁਲੇਖੇ ਪੈਦਾ ਕੀਤੇ ਜਾ ਰਹੇ ਹਨ। —ਅਜੀਤ, ੧੭-੮-੮੪

## ਇੰਦਰਾ ਦੇ ਬਿਆਨ ਤੇ ਸਿੰਘ ਸਾਹਿਬ ਦੀ ਟਿਪਣੀ
## ਪ੍ਰਧਾਨ ਮੰਤਰੀ ਹਰ ਇਕ ਨੂੰ ਅਤੰਕਵਾਦੀ ਸਮਝਦੇ ਹਨ—

ਅੰਮ੍ਰਿਤਸਰ, ੮ ਅਗਸਤ—(ਸ਼ਰੋਮਣੀ) ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਜੀ ਨੇ ਪ੍ਰਧਾਨ ਮੰਤਰੀ ਦੇ ਇਸ ਕਥਨ ਕਿ "ਜਦੋਂ ਤਕ ਪੰਜਾਬ ਵਿਚੋਂ ਅਤੰਕਵਾਦੀ ਅਨਸਰਾਂ ਦਾ ਪੂਰੀ ਤਰ੍ਹਾਂ ਸਫਾਇਆ ਨਹੀਂ ਹੋ ਜਾਂਦਾ" ਉਦੋਂ ਤਕ ਫ਼ੌਜ ਪੰਜਾਬ ਵਿਚ ਰਹੇਗੀ, ਤੇ ਸਖ਼ਤ ਪ੍ਰਤੀਕਰਮ ਪਰਗਟ ਕਰਦਿਆਂ ਕਿਹਾ ਕਿ ਇਹ ਮੰਦਭਾਗੀ ਗੱਲ ਹੈ ਕਿ ਪ੍ਰਧਾਨ ਮੰਤਰੀ ਨੂੰ ਹਰ ਇਕ ਹੀ ਅੰਤਕਵਾਦੀ ਨਜ਼ਰ ਆ ਰਿਹਾ ਹੈ। ਸਿੰਘ



www.AKJ.Org

ਸਾਹਿਬ ਨੇ ਕਿਹਾ ਕਿ ੫ ਜੂਨ ਤੋਂ ਫ਼ੌਜ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਤੇ ਕਾਬਜ਼ ਹੈ। ਬਜਾਏ ਫ਼ੌਜ ਨੂੰ ਕੱਢ ਕੇ ਹਾਲਾਤ ਨਾਰਮਲ ਕਰਨ ਦੇ ਸਰਕਾਰ ਨੇ ਕਾਰ ਸੇਵਾ ਸ਼ੁਰੂ ਕਰਵਾ ਕੇ, ਸਿਖਾਂ ਦੇ ਜਜ਼ਬਾਤਾਂ ਨੂੰ ਕੁਚਲਣ ਦਾ ਕੰਮ ਅਰੰਭ ਕਰ ਦਿਤਾ ਹੈ। ਸਿੰਘ ਸਾਹਿਬ ਨੇ ਦੋਸ਼ ਲਾਇਆ ਕਿ ਅੱਜ ਦੇਸ਼ ਭਰ ਦੇ, ਵਿਸ਼ੇਸ਼ ਕਰ ਪੰਜਾਬ ਵਿਚ ਹਰ ਇਕ ਸਿਖ ਨੂੰ ਸ਼ੱਕੀ ਨਜ਼ਰਾਂ ਨਾਲ ਵੇਖਿਆ ਜਾ ਰਿਹਾ ਹੈ। ਇਸੇ ਕਾਰਨ ਅੰਨ੍ਹੇਵਾਹ ਲੋਕੀ ਫੜੇ ਜਾ ਰਹੇ ਹਨ। ਸੈਂਕੜੇ ਨੌਜਵਾਨ ਲਾ-ਪਤਾ ਹਨ।

—ਅਜੀਤ, ੯-੮-੮੪

# ਸਰਕਾਰ ਵਲੋਂ ਵਿਸ਼ਵ ਸਿਖ ਸੰਮੇਲਨ ਉਤੇ ਪਾਬੰਦੀ

ਚੰਡੀਗੜ੍ਹ, ੨੭ ਅਗਸਤ (ਯੂ. ਐਨ. ਆਈ.) ਅੰਮ੍ਰਿਤਸਰ ਜ਼ਿਲਾ ਪ੍ਰਸ਼ਾਸਨ ਨੇ ਪੰਜ ਸਿੰਘ ਸਾਹਿਬਾਨ ਵਲੋਂ ੨ ਸਤੰਬਰ ਨੂੰ ਸੱਦੇ ਗਏ 'ਵਿਸ਼ਵ ਸਿਖ ਸੰਮੇਲਨ' ਦੀ ਆਗਿਆ ਨਾ ਦੇਣ ਦਾ ਫ਼ੈਸਲਾ ਕੀਤਾ ਹੈ। ਸਰਕਾਰ ਦੇ ਨੇੜਲੇ ਸੂਤਰਾਂ ਅਨੁਸਾਰ ਜ਼ਿਲਾ ਮੈਜਿਸਟ੍ਰੇਟ ਨੇ ਮੌਜੂਦਾ ਹਾਲਾਤ ਅਤੇ ਅਤਿਵਾਦੀਆਂ ਵਲੋਂ ਸਥਿਤੀ ਤੋਂ ਅਯੋਗ ਲਾਭ ਉਠਾਏ ਜਾਣ ਦੇ ਖ਼ਤਰੇ ਨੂੰ ਦੇਖਦੇ ਹੋਏ ਸੰਮੇਲਨ ਕਰਨ ਦੀ ਆਗਿਆ ਨਾ ਦੇਣ ਦਾ ਨਿਰਣਾ ਕੀਤਾ ਹੈ। ਜ਼ਿਲਾ ਅਧਿਕਾਰੀਆਂ ਨੇ ਬਹੁਤ ਸਾਰੇ ਪੋਸਟਰ ਅਤੇ ਪੈਂਫਲਟ ਫੜਨ ਦਾ ਦਾਅਵਾ ਕੀਤਾ ਹੈ, ਜਿਨ੍ਹਾਂ ਬਾਰੇ ਕਿਹਾ ਗਿਆ ਹੈ ਕਿ ਉਹ ਭੜਕਾਊ ਕਿਸਮ ਦੇ ਹਨ, ਅਤੇ ਉਹਨਾਂ ਕਾਰਨ ਖਿਚਾਅ ਵਧਣ ਅਤੇ ਹਿੰਸਾ ਭੜਕਣ ਦਾ ਡਰ ਹੈ।......

—ਅਜੀਤ, ੨੮-੮-੮੪

## ਇਹ ਵਿਤਕਰਾ ਕਿਉਂ ?

......ਸਾਡੀ ਨਜ਼ਰ ਵਿਚ ਸਰਕਾਰ ਵਲੋਂ ਚੁੱਕੇ ਗਏ ਇਸ ਕਦਮ ਦੇ ਨਤੀਜੇ ਬਹੁਤ ਦੂਰ-ਰਸ ਨਿਕਲ ਸਕਦੇ ਹਨ। ਜੇਕਰ ਇਕ ਪਾਸੇ ਤਾਂ ਪਹਿਲੀ ਕਨਵੈਨਸ਼ਨ ਸਰਕਾਰ ਆਪਣੀ ਸਰਪ੍ਰਸਤੀ ਹੇਠ ਕਰਵਾਉਂਦੀ ਹੈ ਅਤੇ ਦੂਸਰੀ ਧਾਰਮਿਕ ਹਸਤੀਆਂ ਵਲੋਂ ਸੱਦੀ ਗਈ ਕਨਵੈਨਸ਼ਨ ਨੂੰ ਹਰ ਹੀਲੇ ਰੋਕਣ ਦਾ ਯਤਨ ਕਰਦੀ ਹੈ ਤਾਂ ਇਹ ਕਰਮ ਸਪੱਸ਼ਟ ਰੂਪ ਵਿਚ ਵਿਤਕਰੇ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਦਾ ਹੈ। ਅਜਿਹੀ ਕਾਰਵਾਈ ਸਿਖਾਂ ਦੇ ਪਹਿਲਾਂ ਹੀ ਇਕੱਠੇ ਹੋਏ ਬੇਹਦ ਗਿਲਿਆਂ ਵਿਚ ਹੋਰ ਵਾਧਾ ਕਰਨ ਦਾ ਕਾਰਨ ਬਣ ਸਕਦੀ ਹੈ। ਇਸ ਨਾਲ ਹਾਲਾਤ ਹੋਰ ਵਿਗੜਨ ਦੀਆਂ ਸੰਭਾਵਨਾਵਾਂ ਨਿਸਚੇ ਹੀ ਵਧ ਜਾਣਗੀਆਂ। ਹੁਣ ਸਮਾਂ ਤਾਂ ਇਹ ਹੈ ਕਿ ਸਰਕਾਰ ਉਸ ਦਿਸ਼ਾ ਵੱਲ ਆਪਣੇ ਕਦਮ ਵਧਾਏ ਜੋ ਹਾਲਾਤ ਨੂੰ ਸਾਂਵਾ ਕਰਨ ਵਿਚ ਸਹਾਈ ਹੋਣ। ਪਰ ਇਹ ਕਦਮ ਲਗਾਤਾਰ ਅਜਿਹੀ ਦਿਸ਼ਾ ਵਿਚ ਉਠ ਰਹੇ ਹਨ ਜੋ ਨਿਸਚੇ ਹੀ ਤਲਖ਼ੀਆਂ ਵਿਚ ਵਾਧਾ ਕਰਨ ਵਿਚ ਸਹਾਈ ਹੋਣਗੇ ਅਤੇ ਹਾਲਾਤ ਨੂੰ ਹੋਰ ਵਿਗਾੜਨ ਵੱਲ ਤੁਰਨਗੇ।

ਬਰਜਿੰਦਰ ਸਿੰਘ, ਰੋਜ਼ਾਨਾ ਅਜੀਤ, ੧੮-੮-੮੪

## ਵਿਸ਼ਵ ਸਿੱਖ ਸੰਮੇਲਨ ਅਵੱਸ਼—ਸਿੰਘ ਸਾਹਿਬਾਨ ਵਲੋਂ ਐਲਾਨ

ਅੰਮ੍ਰਿਤਸਰ, ੨੮ ਅਗਸਤ—(ਪੀ. ਟੀ. ਆਈ., ਯੂ. ਐਨ. ਆਈ.) ਭਾਵੇਂ ਸਰਕਾਰ ਨੇ ੨ ਸਤੰਬਰ ਨੂੰ ਵਿਸ਼ਵ ਸਿਖ ਸੰਮੇਲਨ ਦੀ ਆਗਿਆ ਨਹੀਂ ਦਿਤੀ, ਫੇਰ ਵੀ ਪੰਜ ਸਿੰਘ ਸਾਹਿਬਾਨ ਤੇ ਅਕਾਲੀ ਦਲ ਵਲੋਂ ਸੰਮੇਲਨ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪੁਲਸ ਨੇ ਗ੍ਰਿਫਤਾਰੀਆਂ ਸ਼ੁਰੂ ਕਰ ਦਿਤੀਆਂ ਹਨ। ਚੰਡੀਗੜ੍ਹ ਦੀ ਸੂਚਨਾ ਅਨੁਸਾਰ ੨੦੦ ਵਰਕਰ ਫੜੇ ਗਏ ਹਨ। ਇਹਨਾਂ ਵਿਚ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ: ਭਾਨ ਸਿੰਘ ਤੇ ਅਬਿਨਾਸ਼ੀ ਸਿੰਘ ਵੀ ਸ਼ਾਮਲ ਹਨ। ਪੁਲਸ ਰਾਜਿੰਦਰ ਸਿੰਘ ਧਾਲੀਵਾਲ ਅਤੇ ਮੇਜਰ ਸਿੰਘ ਉਬੋਕੇ ਦੀ ਭਾਲ ਵੀ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਤੇ ਦਲ ਦੇ ੨੫ ਅਧਿਕਾਰੀ ਫੜ ਲਏ ਗਏ ਹਨ।

**ਸਿੰਘ ਸਾਹਿਬਾਨ**—ਪੰਜ ਸਿੰਘ ਸਾਹਿਬਾਨ ਨੇ ਕਿਹਾ ਹੈ ਕਿ ਜ਼ਿਲਾ ਅਧਿਕਾਰੀਆਂ ਵਲੋਂ ਆਗਿਆ ਨਾ ਦੇਣ ਦੇ ਬਾਵਜੂਦ ਉਹਨਾਂ ਵਲੋਂ ਵਿਸ਼ਵ ਸਿੱਖ ਸੰਮੇਲਨ ਸੱਦਣ ਦਾ ਪ੍ਰੋਗਰਾਮ ਕਾਇਮ ਹੈ, ਅਤੇ ਉਸ ਲਈ ਤਿਆਰੀਆਂ ਜਾਰੀ ਹਨ .....ਅਕਾਲ ਤਖਤ ਦੇ ਜਥੇਦਾਰ ਗਿ: ਕਿਰਪਾਲ ਸਿੰਘ ਨੇ ਅੱਜ ਕਿਹਾ ਹੈ ਕਿ ਸਰਕਾਰ ਵਲੋਂ ੨ ਸਤੰਬਰ ਨੂੰ ਸੰਮੇਲਨ ਦੀ ਆਗਿਆ ਨਾ ਦੇਣ ਦਾ ਫ਼ੈਸਲਾ ਕੋਈ ਹੈਰਾਨੀਜਨਕ ਨਹੀਂ। ਇਸ ਗਲ ਦਾ ਡੋਖਲਾ ਪਹਿਲਾਂ ਹੀ ਮੌਜੂਦ ਸੀ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਸਰਕਾਰ ਦੇ ਇਸ ਕਦਮ ਨਾਲ ਸਿਖ, ਸਰਕਾਰ ਤੋਂ ਹੋਰ ਦੂਰ ਹੋ ਜਾਣਗੇ। ਉਹਨਾਂ ਕਿਹਾ ਕਿ ਸੰਮੇਲਨ ਵਿਚ ਬੋਲਣ ਵਾਲਿਆਂ ਨੇ ਆਪਣੀਆਂ ਭਾਵਨਾਵਾਂ ਅਤੇ ਸ਼ਿਕਾਇਤਾਂ ਦਾ ਪ੍ਰਗਟਾਵਾ ਜ਼ਰੂਰ ਕਰਨਾ ਸੀ, ਪਰ ਇਸ ਨਾਲ ਘੱਟ ਹੀ ਨੁਕਸਾਨ ਪੁਜਦਾ। ਸਰਕਾਰ ਨੇ ਸੰਮੇਲਨ ਲਈ ਆਗਿਆ ਨਾ ਦੇ ਕੇ ਆਪਣੇ ਆਪ ਸਿੱਧ ਕਰ ਦਿੱਤਾ ਹੈ ਕਿ ਸਿਖਾਂ ਨਾਲ ਵਿਤਕਰਾ ਹੋ ਰਿਹਾ ਹੈ।


www.AKJ.Org

# ਵਿਸ਼ਵ ਸਿੱਖ ਸੰਮੇਲਨ ਦਾ ਸੱਦਾ

ਅੰਮ੍ਰਿਤਸਰ ਵਿਚ 'ਸਰਬਤ ਖਾਲਸਾ' ਦੇ ਨਾਂ ਤੇ ਹੋਈ ਕਨਵੈਂਸ਼ਨ ਆਪਣੇ ਮਿਥੇ ਟੀਚੇ ਨੂੰ ਪੂਰਾ ਕਰ ਕੇ ਖ਼ਤਮ ਹੋ ਗਈ ਹੈ। ਅਸਲ ਵਿਚ ਇਹ ਕਰਵੈਨਸ਼ਨ, ਜਿਸ ਵਿਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਕਾਂਗਰਸੀ ਹਲਕਿਆਂ ਅਨੁਸਾਰ ਪੰਜ ਲੱਖ ਤੇ ਆਮ ਰਾਇ ਮੁਤਾਬਕ ਪੰਝੀ ਜਾਂ ਤੀਹ ਹਜ਼ਾਰ ਸੀ, ਨੂੰ ਸਰਬਤ ਖਾਲਸਾ ਕਨਵੈਨਸ਼ਨ ਕਹਿਣਾ ਹੀ ਗ਼ਲਤ ਹੈ। ਇਸ ਕਨਵੈਨਸ਼ਨ ਵਿਚ, ਜੋ ਬੁਰਜ ਬਾਬਾ ਫੂਲਾ ਸਿੰਘ ਅੰਮ੍ਰਿਤਸਰ ਵਿਚ ਹੋਈ, ਟ੍ਰਿਬਿਊਨ ਤੇ ਹੋਰ ਅਖ਼ਬਾਰਾਂ ਦੀ ਖ਼ਬਰ ਮੁਤਾਬਕ ਲੋਕਾਂ ਦੀਆਂ ਜੇਬਾਂ ਵਿਚੋਂ ਮਾਚਸਾਂ ਕੱਢੀਆਂ ਗਈਆਂ ਤੇ ਪੰਡਾਲ ਦੇ ਗੇਟ ਤੋਂ ਬਾਹਰ ਤਲਾਸ਼ੀ ਦੌਰਾਨ ਕੱਢੀਆਂ ਗਈਆਂ ਇਨ੍ਹਾਂ ਮਾਚਸਾਂ ਦਾ ਵੱਡਾ ਢੇਰ ਲੱਗ ਗਿਆ। ਕੀ ਅਸੀਂ ਪੁਛ ਸਕਦੇ ਹਾਂ ਕਿ ਇਸ ਕਨਵੈਨਸ਼ਨ ਵਿਚ ਮਾਚਸਾਂ ਜੇਬ ਵਿਚ ਪਾਉਣ ਵਾਲੇ ਲੋਕ ਸਿੱਖ ਸਨ ? ਪ੍ਰਤੱਖ ਹੈ ਕਿ ਹੋਰਨਾਂ ਰਾਜਾਂ ਵਿਚੋਂ ਟਰੱਕਾਂ, ਬੱਸਾਂ, ਟਰਾਲੀਆਂ ਆਦਿ ਨਾਲ ਭਾਰੀ ਗਿਣਤੀ ਵਿਚ ਲੋਕ ਜ਼ਬਰਦਸਤੀ ਲਿਆਂਦੇ ਗਏ ਜਾਂ ਉਨ੍ਹਾਂ ਨੂੰ ਦਿਹਾੜੀ ਤੇ ਲਿਆਂਦਾ ਗਿਆ। ਇਹ ਲੋਕ ਕੌਣ ਸਨ ? ਇਹ ਸਨ ਹਰਿਆਣੇ ਦੇ ਤੇ ਹੋਰਨਾਂ ਰਾਜਾਂ ਦੇ ਗ਼ੈਰ-ਸਿੱਖ ਲੋਕ, ਜਿਨ੍ਹਾਂ ਨੂੰ ਹਰਿਆਣਾ ਦੇ ਮੁੱਖ ਮੰਤ੍ਰੀ ਨੇ ਆਪ ਭਿਜਵਾਇਆ। ਹਰਿਆਣਾ ਦੇ ਮੁੱਖ ਮੰਤ੍ਰੀ ਨੇ ਕਨਵੈਨਸ਼ਨ ਹੋਣ ਤੋਂ ਪਹਿਲਾਂ ਇਹ ਬਿਆਨ ਦਿੱਤਾ ਸੀ ਕਿ ਹਰਿਆਣੇ ਤੋਂ ਸਰਬਤ ਖਾਲਸਾ ਕਨਵੈਨਸ਼ਨ ਵਿਚ ਇਕ ਲੱਖ ਲੋਕ ਸ਼ਾਮਲ ਹੋਣਗੇ। ਮੁੱਖ ਮੰਤ੍ਰੀ ਭਜਨ ਲਾਲ ਵਲੋਂ ਕਨਵੈਨਸ਼ਨ ਵਿਚ ਇਕ ਲੱਖ ਲੋਕ ਭੇਜਣਾ ਕੀ ਸਿੱਖਾਂ ਦੇ ਧਾਰਮਕ ਮਾਮਲਿਆਂ ਵਿਚ ਸਿੱਧੀ ਦਖ਼ਲ-ਅੰਦਾਜ਼ੀ ਨਹੀਂ ? ਅੰਮ੍ਰਿਤਸਰ ਵਿਚ ਕਨਵੈਨਸ਼ਨ ਵਾਲੇ ਦਿਨ ਲੋਕਲ ਬੱਸਾਂ ਸੜਕਾਂ ਤੇ ਨਾ ਆਈਆਂ, ਉਹ ਕਿਥੇ ਗਈਆਂ ਸਨ ?

ਇਸੇ ਲਈ ਤਾਂ ਅਪੋਜ਼ੀਸ਼ਨ ਦੇ ਮੈਂਬਰਾਂ ਨੇ ਸਰਕਾਰ ਤੇ ਕਨਵੈਨਸ਼ਨ ਲਈ ਸਰਕਾਰੀ ਮਸ਼ੀਨਰੀ ਦਾ ਦੁਰਉਪਯੋਗ ਕਰਨ ਦਾ ਦੋਸ਼ ਲਾਇਆ ਹੈ। ਇਹੀ ਕਾਰਨ ਹੈ ਕਿ ਬਹੁਤ ਸਾਰੇ ਲੀਡਰਾਂ ਨੇ ਇਸ ਨੂੰ ਕਾਂਗ੍ਰਸ ਆਈ) ਸ਼ੋ ਕਰਾਰ ਦਿੱਤਾ। ਇਸ ਦਾ ਉਦੇਸ਼ ਆਲ ਇੰਡੀਆ ਗੁ: ਐਕਟ ਨੂੰ ਤੋੜਨਾ ਤੇ ਸ਼ਰੋਮਣੀ ਗੁ: ਪ੍ਰ: ਕਮੇਟੀ ਨੂੰ ਭੰਗ ਕਰਨਾ ਸੀ। ਇਕ ਮਿਥੀ ਸਕੀਮ ਹੇਠ ਇਸ ਕਨਵੈਨਸ਼ਨ ਵਿਚ ਸ: ਗੁਰਚਰਨ ਸਿੰਘ ਟੌਹੜਾ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਹੈ। ਕੇਂਦਰ ਇਹ ਸਮਝਦਾ ਹੈ ਕਿ ਪੰਜਾਬ ਦੇ ਮਸਲੇ ਦਾ ਹੱਲ ਇਹ ਹੈ ਕਿ ਗੁਰਦੁਆਰਿਆਂ ਦੇ ਪ੍ਰਬੰਧ ਦੇ ਮਾਮਲੇ ਵਿਚ ਸ਼ਰੋਮਣੀ ਗੁ: ਪ੍ਰ: ਕਮੇਟੀ ਦੇ ਭੰਗ ਹੋਣ ਨਾਲ ਸਿੱਖਾਂ ਵਿਚ ਏਕਤਾ ਪੈਦਾ ਕਰਨ ਵਾਲੀ ਇਕ ਮਜ਼ਬੂਤ ਲੜੀ ਟੁੱਟ ਜਾਣ ਦਾ ਡਰ ਹੈ। ਇਹ ਵੀ ਡਰ ਹੈ ਕਿ ਗੁਰਦੁਆਰਾ ਪ੍ਰਬੰਧ ਲੋਕਤੰਤਰੀ ਬਾਡੀ ਤੋਂ ਖੋਹ ਲੈਣ ਨਾਲ ਗੁਰਦੁਆਰਿਆਂ ਵਿਚ ਦੇਸ਼ ਵੰਡ ਤੋਂ ਪਹਿਲਾਂ ਮਹੰਤਾਂ ਦੇ ਗੁਰਦੁਆਰਿਆਂ ਤੇ ਕਬਜ਼ੇ ਵਰਗੀ ਸਥਿਤੀ ਪੈਦਾ ਹੋ ਜਾਵੇ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ੧੯੨੫ ਦੇ ਆਲ ਇੰਡੀਆ ਗੁ: ਐਕਟ ਨੂੰ ਤੋੜ ਕੇ ਸਿੱਖਾਂ ਤੇ ਨਵਾਂ ਅਟੈਕ ਕਰਨ ਦਾ ਜਤਨ ਨਾ ਕਰੇ।

ਸਰਕਾਰ ਦੁਆਰਾ ਬੁਲਾਈ ਸਰਬਤ ਖਾਲਸਾ ਕਨਵੈਨਸ਼ਨ ੧੯੨੨ ਦੇ ਆਲ ਇੰਡੀਆ ਗੁ: ਐਕਟ ਦੀ ਵੀ ਉਲੰਘਣਾ ਕਰਦੀ ਹੈ ਕਿਉਂਕਿ ਸਰਬਤ ਖਾਲਸਾ ਕਨਵੈਨਸ਼ਨ ਬੁਲਾਉਣ ਦਾ ਅਧਿਕਾਰ ਗੁ: ਐਕਟ ਮੁਤਾਬਕ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਹੀ ਹੈ, ਇਸੇ ਲਈ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਵਰਗੀ ਸਿੱਖਾਂ ਦੀ ਸਭ ਤੋਂ ਪੁਰਾਣੀ ਸੰਸਥਾ ਨੇ ੧੩-੮-੮੪ ਦੇ ਪ੍ਰੈਸ ਨੋਟ ਵਿਚ ਲਿਖਿਆ ਹੈ ਕਿ ੧੧ ਅਗਸਤ ਨੂੰ ਅੰਮ੍ਰਿਤਸਰ ਵਿਖੇ ਹੋਈ ਅਖੌਤੀ ਸਰਬ ਖਾਲਸਾ ਕਨਵੈਨਸ਼ਨ ਨੂੰ ਸਿੱਖਾਂ ਦਾ ਇਕੱਠ ਕਹਿਣਾ ਯੋਗ ਤੇ ਨਿਆਏ ਪੂਰਬਕ ਨਹੀਂ। ਇਸ ਇਕੱਠ ਵਿਚ ਚੀਫ ਖਾਲਸਾ ਦੀਵਾਨ ਵਰਗੀ ਸਿੱਖਾਂ ਦੀ ਸਭ ਤੋਂ ਪੁਰਾਣੀ ਸੰਸਥਾ ਨੂੰ ਸੱਦਾ ਨਹੀਂ ਭੇਜਿਆ ਗਿਆ। ਇਸ ਲਈ ਇਸ ਵਿਚ ਪਾਸ ਹੋਏ ਮਤਿਆਂ ਦੀ ਸਿੱਖ ਜਗਤ ਵਿਚ ਕੋਈ ਕੀਮਤ ਨਹੀਂ।

ਇਸ ਲਈ ਸਿੰਘ ਸਾਹਿਬਾਨ ਨੇ ੨ ਸਤੰਬਰ ਨੂੰ ਅੰਮ੍ਰਿਤਸਰ ਵਿਖੇ ਵਿਸ਼ਵ ਸਿੱਖ ਸੰਮੇਲਨ ਸਦ ਲਿਆ ਹੈ ਜਿਸ ਵਿਚ ਸਮੂਹ ਸਿੱਖ ਸੰਪਰਦਾਵਾਂ ਤੇ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੂੰ ਸੱਦੇ ਪੱਤਰ ਭੇਜੇ ਗਏ ਹਨ।

ਖਾਲਸਾ ਸਮਾਚਾਰ, ੧੬-੮-੮੪

www.AKJ.Org

## ਜਲੰਧਰ ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਦਾਸ ਦੀ ਸੁਪਤਨੀ, ਜੋ ਪਿਛਲੇ ਸਾਲ ਚੜ੍ਹਾਈ ਕਰ ਗਏ ਸਨ, ਉਨ੍ਹਾਂ ਦੀ ਯਾਦ ਵਿਚ ੨੩ ਸਤੰਬਰ ਐਤਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ਦੁਪਹਿਰ ੧੨ ਵਜੇ ਤਕ ਅਖੰਡ ਕੀਰਤਨ ਹੋਣਗੇ। ਦਰਸ਼ਨ ਦੇ ਕੇ ਨਿਵਾਜੋ ਜੀ।

ਦਾਸਰਾ—ਤ੍ਰਿਲੋਕ ਸਿੰਘ, ਈ. ਕੇ, ੧੭੨, ਚੌਕ ਪੰਜ ਪੀਰ, ਜਲੰਧਰ

## ਲੁਧਿਆਣਾ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਰਾਮਪੁਰ ਸੂਚਨਾ ਦੇਂਦੇ ਹਨ ਕਿ ੧੫ ਸਤੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਭਾਈ ਸਤਪਾਲ ਸਿੰਘ ਦੇ ਗ੍ਰਿਹਿ ਵਿਖੇ ਮਕਾਨ ਨੰਬਰ ੧੨੦੪, ਅਜ਼ਾਦ ਨਗਰ, ਨੇੜੇ ਬਾਲਕ ਨਾਥ ਮੰਦਰ, ਧੂਰੀ ਲਾਈਨ ਲੁਧਿਆਣਾ ਵਿਖੇ ਹੋਣੇ ਹਨ। ਆ ਕੇ ਲਾਹੇ ਪ੍ਰਾਪਤ ਕਰੋ ਜੀ।

## ਲੁਧਿਆਣੇ ਵਿਖੇ ਅਨੰਦ ਕਾਰਜ ਸਮੇਂ ਅਖੰਡ ਕੀਰਤਨ

ਦਾਸ ਦੇ ਭੁਜੰਗੀ ਦੇ ਅਨੰਦ ਕਾਰਜ ਸਮਾਗਮ ਭਾਈ ਸ਼ੇਰ ਸਿੰਘ ਦੀ ਸਪੁਤਰੀ (ਭਤੀਜੀ ਭਾਈ ਸਾਹਿਬ ਜੀਵਨ ਸਿੰਘ ਜੀ ਹਜ਼ੂਰੀ ਕੀਰਤਨੀਏ) ਨਾਲ ੩੦ ਸਤੰਬਰ ੧੯੮੪ ਐਤਵਾਰ ਹੋਣੇ ਹਨ। ਸਵੇਰੇ ੬ ਤੋਂ ੧੨ ਵਜੇ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ਜੋੜੀ ਨੂੰ ਗੁਰੂ-ਚਰਨਾਂ ਤੋਂ ਅਸੀਸਾਂ ਲੈ ਦੇਣ ਲਈ ਦਰਸ਼ਨ ਦੇਣ ਦੀ ਕਿਰਪਾ ਕਰੋ ਜੀ।

ਦਾਸਰੇ—ਗੁਰਚਰਨ ਸਿੰਘ ਮਨਜੀਤ ਕੌਰ, ੧੪੮-ਐਲ, ਮਾਡਲ ਟਾਊਨ, ਲੁਧਿਆਣਾ, ਫੋਨ ੨੫੦੪੫

## ਯਮੁਨਾ ਨਗਰ—ਜਗਾਧਰੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਭਾਈ ਕੁਲਵੰਤ ਸਿੰਘ ਜੀ ਸੂਚਨਾ ਦੇਂਦੇ ਹਨ ਕਿ ੧੫ ਸਤੰਬਰ ਸ਼ਨੀਵਾਰ ਸਵੇਰੇ ਪੰਜ ਵਜੇ ਤੋਂ ਅਖੰਡ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਲੁਹਾਰੀ ਮਹੱਲਾ ਜਗਾਧਰੀ ਵਿਖੇ ਅਤੇ ਸ਼ਾਮ ਨੂੰ ਅਠ ਵਜੇ ਆਰੰਭ ਰੈਣ ਸਬਾਈ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਕਾਲੋਨੀ ਯਮੁਨਾ ਨਗਰ ਵਿਖੇ ਹੋਣਗੇ। ੧੬ ਸਤੰਬਰ ਸਵੇਰੇ ੬ ਵਜੇ ਸਮਾਪਤੀ ਹੋਵੇਗੀ। ਆਇ ਦੀਦਾਰ ਬਖਸ਼ੋ ਜੀ।

ਦਾਸਰੇ—ਅਖੰਡ ਕੀਰਤਨੀ ਜਥਾ, ਯਮੁਨਾ ਨਗਰ-ਜਗਾਧਰੀ

# ਗੁਰਦਾਸਪੁਰ ਵਿਖੇ ਰੈਣ ਸਬਾਈ ਕੀਰਤਨ

ਦਾਸ ਦੇ ਗ੍ਰਿਹਿ ਵਿਖੇ ੨੨ ਸਤੰਬਰ ੮੪ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਦਰਸ਼ਨ ਦੇ ਕੇ ਨਿਵਾਜੋ ਜੀ।

ਦਾਸਰਾ—ਹਜ਼ਾਰਾ ਸਿੰਘ (ਗਿਆਨੀ) (Retd D. S. P) ਸਿਵਲ ਲਾਈਨ, ਗੁਰਦਾਸਪੁਰ

## ਰਿਸ਼ਤੇ ਨਾਤੇ—

(੧) ਚਿਠੀ ਪਤਰ ਇਸ ਪਤੇ ਤੇ ਲਿਖੋ: ਫ਼ਾਰਮ ਨੰਬਰ—C/O ਸੂਰਾ, ਮਾਈ ਸੇਵਾਂ, ਅੰਮ੍ਰਿਤਸਰ।
(੨) ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਹੀ ਚਿਠੀ ਪਤਰ ਕਰੋ ਜੀ।
(੩) ਰਿਸ਼ਤੇ ਨਾਤੇ ਦੇ ਫ਼ਾਰਮ ਸੂਰਾ ਮਾਸਕ ਪੱਤਰ ਅੰਮ੍ਰਿਤਸਰ ਤੋਂ ਵਾਪਸੀ ਲਈ ਲਫ਼ਾਫ਼ਾ ਭੇਜ ਕੇ ਮੁਫ਼ਤ ਮੰਗਾਓ।

**ਫ਼ਾਰਮ ਨੰ: ੨੨੧**—ਇਕ ੨੨ ਸਾਲਾ ਅੰਮ੍ਰਿਤਧਾਰੀ ਬੀਬੀ, ਕੱਦ ੫ ਫੁਟ ੪ ਇੰਚ, ਬੀ. ਏ. ਵਿਚ ਪੜ੍ਹਦੀ, ਕੀਰਤਨੀ ਤੇ ਨਿਤਨੇਮਣ ਲਈ ਯੋਗ ਵਰ ਦੀ ਲੋੜ ਹੈ।

**ਫ਼ਾਰਮ ਨੰ: ੨੨੨**—ਇਕ ੨੨ ਸਾਲਾ ਅੰਮ੍ਰਿਤਧਾਰੀ ਨਿਤਨੇਮਣ ਬੀਬੀ, ਕੱਦ ੫ ਫੁਟ ਢਾਈ ਇੰਚ, 'ਵਿਦਿਆ ਐਮ, ਕਾਮ ਬੀ. ਏ. ਬੀ. ਐੱਡ ਤਕ, ਸੰਗੀਤ ਦੀ ਜਾਣੂ ਲਈ ਯੋਗ ਨਾਤੇ ਦੀ ਲੋੜ ਹੈ।

**ਫ਼ਾਰਮ ਨੰ: ੨੨੩**—ਇਕ ੧੮ ਸਾਲਾ ਅੰਮ੍ਰਿਤਧਾਰੀ ਸਿੰਘ ਕੱਦ ੫ ਫੁਟ ੬ ਇੰਚ, ਵਿਦਿਆ ਦਸਵੀਂ ਤਕ, ਲਈ ਯੋਗ ਨਾਤੇ ਦੀ ਲੋੜ ਹੈ।

**ਫ਼ਾਰਮ ਨੰ: ੨੨੪**—ਇਕ ੨੨ ਸਾਲਾ ਅੰਮ੍ਰਿਤਧਾਰੀ ਬੀਬੀ, ਕਦ ੫ ਫੁਟ ੧ ਇੰਚ, ਵਿਦਿਆ ਹਾਇਰ ਸੈਕੰਡਰੀ, ਸਿਲਾਈ ਕੋਰਸ, ਲਈ ਯੋਗ ਵਰ ਦੀ ਲੋੜ ਹੈ।

**ਫ਼ਾਰਮ ਨੰ: ੨੨੫**—ਇਕ ੨੩ ਸਾਲਾ ਕੀਰਤਨੀ-ਨਿਤਨੇਮਣ ਬੱਚੀ, ਕੱਦ ੫ ਫੁਟ ੩ ਇੰਚ, ਵਿਦਿਆ ਬੀ. ਐਸ. ਸੀ., ਬੀ. ਐਡ. ਲਈ ਯੋਗ ਵਰ ਦੀ ਲੋੜ ਹੈ।

**ਫ਼ਾਰਮ ਨੰ: ੨੨੬**—ਇਕ ੨੮ ਸਾਲਾ ਨਿਤਨੇਮਣ ਬੀਬੀ, ਕੱਦ ੫ ਫੁਟ ੪ ਇੰਚ, ਵਿਦਿਆ ਐਮ. ਏ. ਪੰਜਾਬੀ, ਲਈ ਯੋਗ ਵਰ ਦੀ ਲੋੜ ਹੈ।

**ਫ਼ਾਰਮ ਨੰ: ੨੨੭**—ਇਕ ੨੪ ਸਾਲਾ ਸਿੰਘ ਕੱਦ ੬ ਫੁਟ ਵਿਦਿਆ ਐਮ. ਬੀ. ਏ. ਤੇ I.I.F.T. ਕੋਰਸ ਪਾਸ ਹੈ, ਨੌਕਰੀ ਇਕ ਫਰਮ ਵਿਚ ਕਲਕੱਤੇ, ਲਈ ਯੋਗ ਵਰ ਦੀ ਲੋੜ ਹੈ।

www.AKJ.Org

# ਦਿਲੀ ਵਿਖੇ ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ

## ਐਤਵਾਰ ੩੦ ਸਤੰਬਰ ਸ਼ਾਮ ਤੋਂ ੪ ਅਕਤੂਬਰ ੧੯੮੪ ਵੀਰਵਾਰ ਸਵੇਰ ਤਕ

ਸਦਾ ਵਾਂਗ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਬਖਸ਼ਸ਼ ਸਦਕਾ ਗੁਰਪੁਰ ਵਾਸੀ ਪੰਥ ਰਤਨ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਕੀਰਤਨੀ ਜਥੇ ੩੦ ਸਤੰਬਰ ਨੂੰ ਦਿਲੀ ਪੁਜ ਰਹੇ ਹਨ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

| | ਆਸਾ ਦੀ ਵਾਰ (ਸਵੇਰੇ ੫ ਤੋਂ ੮-੩੦ ਉਪਰੰਤ ਦੁਪਹਿਰ ਤਕ ਕੀਰਤਨ) | ਸੋਦਰ ਤੇ ਕੀਰਤਨ (ਸ਼ਾਮ ੭ ਤੋਂ ੯) |
|---|---|---|
| ੩੦ ਸਤੰਬਰ | — — — | ਗੁਰੂ ਤੇਗ ਬਹਾਦਰ ਹਾ: ਸੈ: ਸਕੂਲ, ਦੇਵ ਨਗਰ |
| ੧ ਅਕਤੂਬਰ | ਗੁਰਦੁਆਰਾ ਸੀਸ ਗੰਜ ਸਾਹਿਬ, ਚਾਂਦਨੀ ਚੌਕ | ਗੁਰਦੁਆਰਾ ਬੰਗਲਾ ਸਾਹਿਬ |
| ੨ ਅਕਤੂਬਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਰਕਾਬ ਗੰਜ ਸਾਹਿਬ |
| ੩ ਅਕਤੂਬਰ | ਗੁਰਦੁਆਰਾ ਰਕਾਬ ਗੰਜ ਸਾਹਿਬ | ਰਣ ਸਬਾਈ ੭ ਵਜੇ ਸ਼ਾਮ ਅਰੰਭ ਗੁ: ਰਕਾਬਗੰਜ ਸਾਹਿਬ |

ਅੰਮ੍ਰਿਤ-ਸਿੰਚਾਰ: ੩ ਅਕਤੂਬਰ ਦਿਨੇ ਦੋ ਵਜੇ ਗੁ: ਰਕਾਬਗੰਜ ਸਾਹਿਬ (੪ ਅਕਤੂਬਰ ਸਵੇਰੇ ੬ ਵਜੇ ਸਮਾਪਤੀ)

ਸੰਗਤਾਂ ਦਾ ਉਤਾਰਾ:—ਗੁਰੂ ਤੇਗ ਬਹਾਦਰ ਖ਼ਾਲਸਾ ਹਾਇਰ ਸੈਕੰਡਰੀ ਸਕੂਲ, ਦੇਵ ਨਗਰ, ਕਰੋਲ ਬਾਗ, ਨਵੀਂ ਦਿਲੀ

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ, ਦਿੱਲੀ

## ਕਾਨਪੁਰ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

੧੪-੧੫-੧੬ ਸਤੰਬਰ ੧੯੮੪ ਸ਼ੁਕਰਵਾਰ ਤੋਂ ਐਤਵਾਰ ਤਕ ਸਾਲਾਨਾ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ। ੧੬ ਸਤੰਬਰ ਐਤਵਾਰ ਨੂੰ ਰੈਣ ਸਬਾਈ ਕੀਰਤਨ ਗੁਰੂ ਨਾਨਕ ਧਰਮਸਾਲਾ, ਕੌਸ਼ਲ ਪੁਰੀ, ਗੁਮਟੀ ਨੰਬਰ ੫, ਕਾਨਪੁਰ ਵਿਖੇ ਹੋਣਗੇ। ਇਸ ਧਰਮਸਾਲਾ ਵਿਖੇ ਸੰਗਤਾਂ ਲਈ ਰਿਹਾਇਸ਼ ਅਤੇ ਲੰਗਰ ਦਾ ਪਰਬੰਧ ਹੋਵੇਗਾ। ਵਿਸਥਾਰ ਸਹਿਤ ਪ੍ਰੋਗਰਾਮ ਇਸ਼ਤਿਹਾਰਾਂ ਰਾਹੀਂ ਦਸੇ ਜਾਣਗੇ।

ਪੁਛ ਗਿਛ:—ਸ: ਦਲਜੀਤ ਸਿੰਘ, ੧੧੮/੧੫੪, ਬੰਬਾ ਰੋਡ, ਗੁਮਟੀ ਨੰਬਰ ੫, ਕਾਨਪੁਰ

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ, ਕਾਨਪੁਰ

## ਫਗਵਾੜਾ ਵਿਖੇ ਸਾਲਾਨਾ ਰੈਣ ਸਬਾਈ ਤੇ ਸ੍ਰੀ ਅਖੰਡਪਾਠ

ਫਗਵਾੜਾ ਵਿਖੇ ਸਾਲਾਨਾ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋ ਰਹੇ ਹਨ—

੨੯ ਸਤੰਬਰ ੧੯੮੪ ਸਵੇਰੇ ਅਖੰਡ ਪਾਠ ਦੇ ਭੋਗ ੬ ਵਜੇ, ਉਪਰੰਤ ੧੦ ਵਜੇ ਤਕ ਕੀਰਤਨ, ਅੰਮ੍ਰਿਤ ਸਿੰਚਾਰ ਸ਼ਾਮ ਸਾਢੇ ਸਤ ਵਜੇ। ਸ਼ਾਮ ਸਾਢੇ ਸਤ ਵਜੇ ਰੈਣ ਸਬਾਈ ਕੀਰਤਨ ਅਰੰਭ, ੩੦ ਸਤੰਬਰ ਐਤਵਾਰ ਸਵੇਰੇ ੬ ਵਜੇ ਸਮਾਪਤੀ।

ਪੁਛਗਿਛ: ਡਾ: ਚਰਨ ਸਿੰਘ, ਬੰਸੀਲਾਲ ਮਾਰਕੀਟ, ਬੰਗਾ ਰੋਡ, ਫਗਵਾੜਾ ਦਾਸਰੇ—ਅਖੰਡ ਕੀਰਤਨੀ ਜਥਾ ਫਗਵਾੜਾ

## ਬਰੇਲੀ ਭੋਜੀਪੁਰ ਵਿਖੇ ਵੀਰਾਂ ਦੀ ਯਾਦ ਵਿਖੇ ਰੈਣ ਸਬਾਈ ਕੀਰਤਨ

ਭਾਈ ਸਾਹਿਬ ਸੂਰਤ ਸਿੰਘ (ਪੂਰਨ ਜੀ) ਬੀਬੀ ਭੁਪਿੰਦਰ ਕੌਰ ਜੀ ਦ ਕੀਰਤਨੀ ਬੱਚਿਆਂ ਦੀ ਯਾਦ ਵਿਚ ਨੌਜਵਾਨ ਅਖੰਡ ਕੀਰਤਨੀ ਜਥਾ ਬਰੇਲੀ ਵਲੋਂ ੮ ਸਤੰਬਰ ਸ਼ਨੀਵਾਰ ਰਾਤ ਨੂੰ ਭੋਜੀਪੁਰਾ (ਬਰੇਲੀ) ਵਿਖੇ ਕੀਰਤਨ ਰੈਣ ਸਬਾਈ ਹੋਣਗੇ। ਦਰਸ਼ਨ ਦੇਵੋ ਜੀ।

## ਪਿੰਡ ਬੱਲ (ਜਲੰਧਰ) ਵਿਖੇ ਸਾਲਾਨਾ ਯਾਦ ਵਿਚ ਸ੍ਰੀ ਅਖੰਡਪਾਠ ਤੇ ਕੀਰਤਨ

ਭਾਈ ਪੂਰਨ ਸਿੰਘ ਜੀ ਦੀ ਸਾਲਾਨਾ ਯਾਦ ਵਿਚ ਉਨ੍ਹਾਂ ਦੇ ਪਰਵਾਰ ਵਲੋਂ ੭ ਅਕਤੂਬਰ ੧੯੮੪ ਐਤਵਾਰ ਸਵੇਰੇ ਆਸਾ ਦੀ ਵਾਰ ਤੋਂ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ ਅਤੇ ਸਹਿਜ ਪਾਠ ਦੇ ਭੋਗ ਪਾਏ ਜਾਣਗੇ। ਸਮੂਹ ਗੁਰੂ ਪਿਆਰੇ ਵਿਛੜੀ ਰੂਹ ਨੂੰ ਅਸੀਸੜੀਆਂ ਦੇਣ ਲਈ ਆਇ ਦੀਦਾਰ ਬਖਸ਼ੋ ਜੀ। ਬੱਲ ਪਿੰਡ ਜਲੰਧਰ ਤੋਂ ਪਠਾਨਕੋਟ ਵਾਲੀ ਸੜਕ ਤੇ ਹੈ

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

www.AKJ.Org